The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar
Vol: 13 No: 292 Website : www.punjabiakhbaar.ca Email: editor@punjabiakhbaar.ca Friday, 22 May 2026

A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty

403.861.2253

# ਦੌਲਤ, ਦਲਾਲ ਤੇ ਦਲੇਰ ਸਿੰਘ

**ਚਰਨਜੀਤ ਭੁੱਲਰ**

-------------------

ਗੁਰਮੁਖੋ ! ਪੈਸਾ ਤਾਂ ਹੱਥਾਂ ਦੀ ਮੈਲ ਹੈ। ਮੁਹਾਲੀ 'ਚ ਐਸੀ ਕਲਾ ਵਰਤੀ, ਰੱਬ ਨੇ ਮੈਲ ਦੇ ਭਰੇ ਬੈਗ ਵਗਾਹ ਮਾਰੇ। ਫਲੈਟਾਂ 'ਚ ਲੁਕੇ ਇਨਕਲਾਬ ਨੇ ਬੁੱਚ ਲਏ। ਨਾਗਣੀ ਮਾਇਆ ਕਿਤੇ ਡੱਸ ਨਾ ਲਵੇ, ਨਵੇਂ ਫਲੈਟਪੁਰੀਏ ਨੇ ਨੌਵੀਂ ਮੰਜ਼ਿਲ ਤੋਂ ਬੈਗ ਏਅਰ ਲਿਫ਼ਟ ਕਰ'ਤੇ।ਜਵਾਨਾ ! ਫਲੈਟਾਂ 'ਚ ਲਿਫ਼ਟ ਝੂਟੇ ਲੈਣ ਲਈ ਨੀ ਹੁੰਦੀ। ਲੱਛਮੀ ਨੂੰ ਕੋਈ ਇੰਜ ਧੱਕੇ ਮਾਰਦੈ, ਅਦਬ ਕਰਨਾ ਸਿੱਖੋ। ਸੰਜੀਵ ਅਰੋੜਾ ਸੱਚ ਆਖਦੈ, ਬਈ ! ਧੱਕੇ ਨੀ ਮਾਰਨੇ। ਦੌਲਤ ਦੀ ਏਨੀ ਬੇਅਦਬੀ, ਰਹੇ ਰੱਬ ਦਾ ਨਾਂ। ਥੋਡੇ ਨਾਲੋਂ ਤਾਂ ਚੰਨੀ ਦਾ ਭਤੀਜਾ ਸੌ ਗੁਣਾ ਚੰਗੈ। ਕਸ਼ਟ ਝੱਲ ਗਿਆ, ਦੌਲਤ ਨੂੰ ਧੱਕੇ ਨੀ ਮਾਰੇ।

ਵੱਡੇ ਬਾਦਲ ਆਖਦੇ ਹੁੰਦੇ ਸੀ, 'ਮੈਂ ਤਾਂ ਤੁਰੀ ਜਾਂਦੀ ਕੀੜੀ ਦੇਖ ਲੈਨਾਂ।' ਅਨਾੜੀਓ, ਥੋਨੂੰ ਫਲੈਟਾਂ ਚੋਂ ਏਡੀ ਵੱਡੀ ਈਡੀ ਨੀ ਦਿਖੀ। ਚੋਣਾਂ ਵੀ ਕੇਹੀ ਸ਼ੈਅ ਨੇ, ਬਲਵੀਰ ਬੋਪਾਰਾਏ ਨੇ ਹੇਕ ਲਾਈ 'ਦੇ ਲੈ ਗੇੜਾ..', ਕੇਂਦਰੀ ਏਜੰਸੀਆਂ ਨੇ ਬੋਲ ਪੁਗਾ'ਤੇ। ਅਖੇ, ਪੰਜਾਬ ਚੰਬਲ ਦੀ ਘਾਟੀ ਵਰਗੈ। ਨਾਲੇ ਘਾਟੀ 'ਚ ਮੈਲ ਦਾ ਕਾਹਦਾ ਘਾਟਾ। ਡੱਡਾਂ ਕਦੋਂ ਕਦੋਂ ਪਾਣੀ ਪੀਂਦੀਆਂ ਨੇ, ਸੀਬੀਆਈ ਤੇ ਈਡੀ ਨੂੰ ਸਭ ਪਤੈ। ਪਤੰਦਰ ਸਿੱਧੇ ਵਿਜੀਲੈਂਸ ਦੇ ਛੱਪੜ 'ਚ ਜਾ ਵੜੇ। 'ਤੇਰੇ ਮੇਰੇ ਪਿਆਰ ਦੀਆਂ, ਗੱਲਾਂ ਹੋਣ ਸੰਤਾਂ ਦੇ ਡੇਰੇ।'

ਜਿਵੇਂ ਮੋਟਰ ਤੇ ਵੋਟਰ ਦਾ ਇੱਕੋ ਸੁਭਾਅ ਐ, ਉਵੇਂ ਗੀਡਰ ਤੇ ਲੀਡਰ ਵੀ ਸਾਂਢੂ ਹੀ ਹੁੰਦੇ ਨੇ। ਵਿਜੀਲੈਂਸ ਮੁਖੀ ਦਾ ਗੀਡਰ, ਏਨਾ ਬੀਬਾ ਰਾਣਾ, ਨਹੀਂ ਕਿਸੇ ਗੱਲੋਂ ਕਾਣਾ, ਫਿਰ ਵੀ ਸੀਬੀਆਈ ਆਲੇ ਪੈ ਨਿਕਲੇ। ਉੱਪਰੋਂ ਫਾਰਮੈਲਿਟੀ ਕਰ ਰਹੇ ਨੇ, 'ਮੁੱਝ ਕੋ ਰਾਣਾ ਜੀ ਮਾਫ਼ ਕਰਨਾ..।' ਸੰਘੀ ਏਜੰਸੀ ਨੂੰ ਹੱਥ ਜੋੜ ਅਰਜੋਈ, ਭਾਈ ਸੰਘੀਓ ! ਕਾਹਤੋਂ ਮਾਇਆਵਾਦ ਦੀ ਸੰਘੀ ਨੂੰ ਹੱਥ ਪਾਇਐ। ਇੱਕ ਨਾਟਕ ਵਿਚਲਾ ਪਾਤਰ ਆਖਦੈ, 'ਹਮ ਏਸ ਨਾਗਣੀ ਮਾਇਆ ਕੋ ਹਾਥ ਨਹੀਂ ਲਗਾਤੇ, ਇਸ ਕੋ ਸੰਤੋਂ ਕੀ ਝੋਲੀ ਮੇ ਡਾਲ ਦੋ।' ਸ਼ਹਿਦ ਖਾਣਾ ਹੋਵੇ ਤਾਂ ਡੰਗ ਸਹਿਣਾ ਪੈਂਦੈ।

ਅਸਲ 'ਚ ਸਾਰਾ ਪੁਆੜਾ ਰੱਬ ਨੇ ਪਾਇਐ। ਸ੍ਰਿਸ਼ਟੀ ਸਾਜ ਕੇ ਜਦੋਂ ਰੱਬ ਲੁਕਣ ਲੱਗਿਆ ਤਾਂ ਅੱਗਿਓ ਨੇਤਾ ਜਣਾਂ ਨੇ ਵਲ ਲਿਆ। ਰੱਬ ਨੇ ਗਾਜਰਾਂ ਦਾ ਟੋਕਰਾ ਵਗਾਹ ਮਾਰਿਆ। ਓਹ ਦਿਨ ਤੇ ਆਹ ਦਿਨ, ਨੇਤਾ ਜੀ ਰੰਬਾ ਗਾਜਰਾਂ ਚੋਂ ਨੀ ਕੱਢ ਰਹੇ। 'ਤੂੜੀ ਗਲੀ ਪਈ ਸੀ, ਬਲਦ ਵੀ ਭੁੱਖਾ ਸੀ, ਦੋਵਾਂ ਦਾ ਸਰ ਗਿਆ।' ਪੰਜਾਬੀ ਮੋਰਚਾ ਵੇਲੇ ਭਾਸ਼ਾ ਨੂੰ ਲੈ ਕੇ ਰੌਲਾ ਪਿਆ ਸੀ। ਨਾਅਰੇ ਲੱਗੇ ਸਨ, 'ਊੜਾ ਈੜੀ ਨਹੀਂ ਪੜ੍ਹਾਂਗੇ।' ਉਸੇ ਈਡੀ ਨੇ ਹੁਣ ਪੰਜਾਬ ਨੂੰ ਪੜ੍ਹਨੇ ਪਾਇਐ। ਲਾਲਚ ਦੀ ਵਰਨਮਾਲਾ ਕੀ ਨੇਤਾ, ਕੀ ਅਫ਼ਸਰ, ਸਭ ਪੜ੍ਹ ਰਹੇ ਨੇ।

ਨੇਤਾਵਾਂ ਦੇ ਮਨਾਂ 'ਚ ਮਾਇਆ ਦਾ ਮੋਹ ਪੈਲਾਂ ਪਾਉਣੋਂ ਨਹੀਂ ਹਟਦਾ। ਤਾਹੀਂ ਆਖਦੇ ਨੇ, 'ਦਿਲ ਮਾਂਗੇ ਮੋਰ'। ਸੀਬੀਆਈ ਨੇ ਪਿੰਜਰਾ ਚੰਡੀਗੜ੍ਹ 'ਚ ਲਾਇਐ। ਕਦੇ ਕ੍ਰਿਸ਼ਾਨੂ ਫਸ ਜਾਂਦੈ ਅਤੇ ਕਦੇ ਮਲੋਟ ਆਲੇ ਪਿਉ ਪੁੱਤ। ਸੰਘੀ ਏਜੰਸੀਆਂ ਨੇ ਪੰਜਾਬ ਨੂੰ ਪ੍ਰਯੋਗਸ਼ਾਲਾ ਬਣਾਇਐ। ਕਦੇ ਇਮਾਨ ਦੇ ਕਿਤੋਂ ਨਮੂਨੇ ਭਰਦੇ ਨੇ ਕਦੇ ਕਿਤੋਂ। ਅਮਿਤਾਭ ਬਚਨ ਹਾਮੀ ਭਰਦੈ, 'ਇਨਸਾਨ ਕਿਤਨਾ ਗਿਰ ਗਯਾ ਹੈ, ਦੌਲਤ ਕੇ ਸਾਮਨੇ ।' ਪੰਜਾਬੀ ਸ਼ਾਇਰੋ ਸ਼ਾਇਰੀ ਕਰ ਰਹੇ ਨੇ, 'ਦਿਲ ਦੀ ਬਸਤੀ ਭੀ ਸ਼ਹਿਰੇ ਦਿੱਲੀ ਹੈ, ਜੋ ਭੀ ਗੁਜ਼ਰਤਾ ਹੈ, ਉਸ ਨੇ ਲੂਟਾ ਹੈ।'

ਢਾਕੇ ਦੀ ਮਲਮਲ ਵਾਂਗੂ ਅਰੋੜੇ

ਬਾਕੀ ਸਫ਼ਾ ਨੰ. 2 'ਤੇ

GOLDEN HARMONY CARE

ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।
ਹੁਣੇ ਕਾਲ ਕਰੋ - 403-439-6688
goldenharmonycare@gmail.com
info@goldenharmonycare.ca
www.goldenharmonycare.ca
ਘਰ ਵਿੱਚ ਦੇਖਭਾਲ ਸੇਵਾ
- ਨਿੱਜੀ ਦੇਖਭਾਲ
- ਡਿਮੈਂਸ਼ੀਆਂ ਕੇਅਰ
- ਖਾਣਾ ਬਣਾਉਣਾ
- ਸਫਾਈ
- ਸਾਥ-ਸੰਗਤ
- ਹੋਸਪਿਸ ਸਮਰਥਨ
- ਆਵਾਜਾਈ ਸੇਵਾ
- ਰੈਸਪਾਈਟ ਕੇਅਰ
- ਨਰਸਿੰਗ ਸੇਵਾਵਾਂ
- 24 ਘੰਟੇ ਦੇਖਭਾਲ
ਮਰੀਜ਼ ਲਈ ਕੋਈ ਖਰਚਾ ਨਹੀਂ | ਏਐਚਐਸ ਦੁਆਰਾ ਮਨਜ਼ੂਰ | ਸੀਡੀਐਚਸੀਆਈ ਦੁਆਰਾ ਮਨਜ਼ੂਰ
ਸਰਕਾਰੀ ਫੰਡ ਨਾਲ ਘਰ ਵਿੱਚ ਦੇਖਭਾਲ ਦੀਆਂ ਸੇਵਾਵਾਂ । Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚਾ ਲਏ।
ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ
ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com

THE MORTGAGE FIRM | Dominion Lending Centres

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS

Closets
Wet Bars
Book Shelving
Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE
Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

# ਦੌਲਤ, ਦਲਾਲ ਤੇ ਦਲੇਰ ਸਿੰਘ

ਸਫ਼ਾ ਨੰ. 1 ਦੀ ਬਾਕੀ

ਵੀ ਵਾਹਵਾ ਮਸ਼ਹੂਰ ਹੋਏ ਨੇ। ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ, ਜੀਹਨੇ ਕਿੰਨੀ ਭੀੜ ਝੱਲੀ। ਈਡੀ ਅਮਨ ਅਰੋੜਾ ਨੂੰ ਵੀ ਪੈ ਨਿੱਕਲੀ। 'ਵਾਰਸ ਸ਼ਾਹ ਨਾ ਭੇਤ ਸੰਦੂਕ ਖੁੱਲ੍ਹੇ, ਭਾਵੇਂ ਜਾਨ ਦਾ ਜਿੰਦਰਾ ਟੁੱਟ ਜਾਵੇ।' 'ਪਾਵਰਫੁੱਲ' ਸੰਜੀਵ ਅਰੋੜਾ, ਬਿਨਾਂ ਮੂੰਹ ਧੋਤੇ ਸਵਖਤੇ ਹੀ ਈਡੀ ਦੇ ਅੱਗੇ ਲੱਗ ਤੁਰੇ। ਪੰਜਾਬ ਗੂੰਜ ਉੱਠਿਆ, 'ਅਰੋੜਾ ਸਾਬ੍ਹ ਤੇਰੀ ਸੋਚ 'ਤੇ..।' ਸੰਜੀਵ ਲੁਧਿਆਣਵੀ ਤਾਂ ਮਜ਼ਦੂਰਾਂ ਦਾ ਮਸੀਹਾ ਕਹੋ ਜਿਸ ਨੇ ਦਿਹਾੜੀਦਾਰ ਮਜ਼ਦੂਰ ਦੀ ਫ਼ਰਮ 'ਚ 28 ਕਰੋੜ ਪਾ'ਤੇ। ਹੋਰ ਤੁਸੀਂ ਛਿੱਕੂ ਭਾਲਦੇ ਹੋ।

ਸਤਿੰਦਰ ਸਰਤਾਜ ਨੇ ਰਾਗ ਛੇੜਿਐ, 'ਦੌਲਤਾਂ ਤਾਂ ਜੱਗ 'ਤੇ ਬਥੇਰੀਆਂ, ਸਭ ਤੋਂ ਜ਼ਰੂਰੀ ਹੁੰਦੀ ਪੱਤ ਜੀ..।' ਦਲਾਲੀ ਕਲਾ ਦਾ ਪੁਰਾਤਨ ਨਮੂਨਾ ਵੇਖਣਾ ਹੋਵੇ ਤਾਂ ਨਾਭੇ ਤੇ ਮਲੋਟ ਦਾ ਗੇੜਾ ਲਾਓ। ਅਜੰਤਾ ਅਲੋਰਾ ਦੀਆਂ ਗੁਫਾਵਾਂ ਚੋਂ ਨਾਭੇ ਆਲਾ ਕ੍ਰਿਸ਼ਾਨੂ ਪ੍ਰਗਟ ਹੋਇਆ। ਲਾਲਚੀ ਬੰਦੇ ਨੂੰ ਨਾ ਅਸਮਾਨ ਦਿਸਦਾ, ਨਾ ਪਹਾੜ ਤੇ ਨਾ ਹੀ ਸੀਬੀਆਈ। ਮੁਹੰਮਦ ਸਦੀਕ ਦੀ ਤੂੰਬੀ ਟੁਣਕੀ ,'ਬੱਗੀ ਤਿੱਤਰੀ ਕਮਾਦੋਂ ਨਿਕਲੀ ਤੇ ਉੱਡਦੀ ਨੂੰ ਬਾਜ ਪੈ ਗਿਆ।' ਸਕਾਈਲੈਬ ਵਾਂਗੂ ਮੁਹਾਲੀ ਆਲੇ ਫਲੈਟਾਂ ਚੋਂ ਬੈਗ ਕੀ ਡਿੱਗੇ, ਈਡੀ ਆਲੇ ਇੱਕ ਹੋਰ ਨਾਭੇ ਆਲੇ ਵਿਚੋਲੇ ਦੇ ਪਿੱਛੇ ਪੈ ਗਏ।

ਲੁਧਿਆਣੇ 'ਚ ਖ਼ਬਰ ਫਲੈਸ਼ ਹੋਈ, 'ਈਡੀ ਦੀ ਵਿਚੋਲਿਆਂ 'ਤੇ ਰੇਡ।' ਭਾਜੜ ਮੱਚ ਗਈ, ਕਿੰਨੇ ਹੀ ਮੈਰਿਜ ਬਿਊਰੋ ਆਲੇ ਜਿੰਦਰੇ ਮਾਰ ਕੇ ਪੱਤਰੇ ਵਾਚ ਗਏ। ਜੋ ਜਾਗਿਆ, ਉਹੀ ਸਿਆਣਾ। ਪੁਰਾਣੀ ਗੱਲ ਚੇਤੇ ਆਈ ਹੈ। ਉਨ੍ਹਾਂ ਦਿਨਾਂ 'ਚ ਡੇਰਾ ਸਿਰਸਾ ਦੇ ਪ੍ਰੇਮੀਆਂ ਤੇ ਸਿੱਖ ਪੈਰੋਕਾਰਾਂ ਦਾ ਕਲੇਸ਼ ਸਿਖ਼ਰਾਂ 'ਤੇ ਸੀ। ਮੁਖ਼ਬਰ ਨੇ ਸੂਹ ਦਿੱਤੀ ਕਿ ਬਠਿੰਡਾ ਆਲੇ ਚੇਤਕ ਪਾਰਕ 'ਚ ਪ੍ਰੇਮੀ ਬੈਠੇ ਨੇ। ਸਿੰਘਾਂ ਨੇ ਛੱਡ'ਤੇ ਜੈਕਾਰੇ, ਪਾਰਕ 'ਚ ਜਾ ਮਾਰੇ ਲਲਕਾਰੇ, ਬਾਹਰ ਨਿਕਲੋ ਵੱਡੇ ਪ੍ਰੇਮੀਓ। ਪਾਰਕ ਦੀਆਂ ਝਾੜੀਆਂ 'ਚ ਕਿੰਨੇ ਹੀ ਜਵਾਨ ਜੋੜੇ ਹੱਥ ਜੋੜ ਨਿਕਲੇ। ਖ਼ਾਲਸਾ ਜੀ! ਅਸੀਂ ਤਾਂ ਹੀਰ ਰਾਂਝੇ ਦੇ ਵਾਰਸ ਹਾਂ, ਸਿਰਸੇ ਆਲੇ ਦੇ ਨਹੀਂ।

ਮਲੋਟ ਵੀ ਹੁਣ ਦਲਾਲਗੜ੍ਹ ਬਣਿਐ। ਮਲੋਟ ਆਲੇ ਪਿਉ ਪੁੱਤਾਂ ਨੇ ਰਾਗ ਦਲਾਲਵੀ ਛੇੜਿਆ, ਵਿਜੀਲੈਂਸ ਨੇ ਖੁੱਲ੍ਹ ਕੇ ਦਾਦ ਦਿੱਤੀ। ਪੰਜਾਬੀ ਫ਼ਿਲਮ ਦਾ ਡਾਇਲਾਗ ਐ, 'ਕਾਕਾ ਜੀ ਪੁਲੀਸ 'ਚ ਨੇ, ਬੱਸ ਇਸ ਨੌਕਰੀ ਦੀ ਕੋਈ ਰੀਸ ਨਹੀਂ, ਚਾਹੇ ਦਿਨਾਂ 'ਚ ਮਹਿਲ ਖੜ੍ਹੇ ਕਰ ਲੋ।' ਸੰਘੀ ਏਜੰਸੀਆਂ ਦੀ ਮੱਚਦੀ ਅੱਗ 'ਚ ਵੀ ਨਾ ਟਲਣ ਵਾਲੇ ਅਸਲ 'ਚ ਦਲੇਰ ਸਿੰਘ ਹੀ ਹੁੰਦੇ ਨੇ। ਅਗਲਿਆਂ ਨੇ ਵਿਜੀਲੈਂਸ ਦੇ ਵਿਚੋਲੇ ਹੀ ਡੁੱਕ ਲਏ। ਅਕਸ਼ੈ ਕੁਮਾਰ ਇੱਕ ਫ਼ਿਲਮ 'ਚ ਆਖਦੈ, 'ਕਿਸ ਕੀ ਮਜਾਲ ਜੋ ਛੇੜੇ ਦਲੇਰ ਕੋ, ਗਰਦਿਸ਼ ਮੇ ਘੇਰ ਲੇਤੇ ਹੈ, ਗੀਦੜ ਭੀ ਸ਼ੇਰ ਕੋ।'

ਜਦੋਂ ਸੋਚਾਂ ਨੂੰ ਸੁੰਡੀ ਪੈ ਜਾਵੇ ਤੇ ਜ਼ਮੀਰਾਂ ਦਾ ਪਾਵਰਕੱਟ ਲੱਗ ਜਾਏ ਤਾਂ ਕਾਲਾ ਧੰਨ ਪੌਸ਼ਟਿਕ ਅਹਾਰ ਬਣਦੈ ਤੇ ਕਿਸੇ ਲਈ ਸਹਾਇਕ ਧੰਦਾ। ਚੋਣਾਂ ਮੌਕੇ ਨੇਤਾ ਜਣ ਕਬੀਰ ਦੇ ਚੇਲੇ ਬਣਦੇ ਨੇ,' ਕਬੀਰਾ ਖੜ੍ਹਾ ਬਾਜ਼ਾਰ ਮੇ, ਮਾਂਗੇ ਸਭ ਕੀ ਖ਼ੈਰ।' ਵੋਟਰਾਂ ਪੱਲੇ ਪੈਂਦੀਆਂ 'ਸ਼ੁਭ ਇੱਛਾਵਾਂ' ਹੀ ਨੇ। ਚੋਣ ਜਲਸੇ 'ਚ ਲੱਡੂਆਂ ਦਾ ਲੰਗਰ ਸੀ। ਨਲੈਕ ਪ੍ਰਸ਼ਾਦ ਬੁੱਧੀਜੀਵੀ ਨੇ ਪੁੱਛਿਆ, ਬਈ! ਐਤਕੀਂ ਕੌਣ ਜਿੱਤੂਗਾ। ਅੱਗਿਓਂ ਮਹਾਤੜ ਦਾਸ ਮੂੰਹ 'ਚ ਲੱਡੂ ਪਾਉਂਦਿਆਂ ਬੋਲਿਆ, ਸਾਲਾ ਕੋਈ ਮਰਜ਼ੀ ਜਿੱਤੇ ਪਰ ਆਹ ਕੰਮ ਬੰਦ ਨੀ ਹੋਣਾ ਚਾਹੀਦਾ।

ਨੇਤਾ ਲੋਕ ਪੰਜ ਸਾਲ ਦਾ ਰੀਚਾਰਜ ਕੂਪਨ ਲੈਂਦੇ ਨੇ, ਫਿਰ ਢੋਲੇ ਦੀਆਂ ਲਾਉਂਦੇ ਨੇ। ਯੂਨਾਈਟਿਡ ਨੇਸ਼ਨਜ਼ ਨੂੰ ਇੱਕ 'ਢਿੱਡ ਕਮਿਸ਼ਨ' ਬਣਾਉਣਾ ਚਾਹੀਦੈ ਤਾਂ ਜੋ ਭਾਰਤੀ ਨੇਤਾਵਾਂ ਦੇ ਹਾਜ਼ਮੇ ਦਾ ਰਾਜ਼ ਪਤਾ ਲੱਗ ਸਕੇ। ਕਿੰਨਾ ਕੁੱਝ ਹੀ ਛੱਕ ਜਾਂਦੇ ਨੇ। ਕਾਮਰੇਡ ਹਰਦੇਵ ਅਰਸ਼ੀ ਅੱਕਿਆ ਬੈਠੈ, 'ਅਖੇ, ਕਾਮਰੇਡ ਕੀ ਕਰਨ, ਸਿਆਸਤ 'ਚ ਤਾਂ ਵਪਾਰੀ ਆ ਵੜੇ।' ਸ਼ੁਕਰ ਐ, ਲਲਾਰੀ ਨੀ ਕਿਹਾ, ਨਹੀਂ ਤਾਂ ਦਿੱਲੀ ਆਲਿਆਂ ਨੇ ਗ਼ੁੱਸਾ ਮਨਾਉਣਾ ਸੀ।

ਨੇਤਾ ਲੋਕ ਸੇਵਾ ਵੀ ਸੰਸਾਰੀ ਮੱਲ ਵਾਂਗੂ ਕਰਦੇ ਨੇ। ਮਾਲਕ ਨੇ ਨੌਕਰ ਨੂੰ ਪੁੱਛਿਆ, ਕਾਕਾ ਏਨੀ ਲੇਟ ਆਇਐਂ। ਅੱਗਿਓ ਸੰਸਾਰੀ ਮੱਲ ਬੋਲਿਆ, ਇੱਕ ਅੰਨ੍ਹੇ ਵਿਅਕਤੀ ਨੂੰ ਸੜਕ ਪਾਰ ਕਰੇਂਦਾ ਪਿਆ ਸੀ। ਫਿਰ ਏਨਾ ਟਾਈਮ ਕਿਵੇਂ ਲੱਗ ਗਿਆ। ਸਾਬ੍ਹ! ਅਸਲ 'ਚ ਓਹ ਸੂਰਮਾ ਸਿੰਘ ਸੜਕ ਪਾਰ ਨੀ ਕਰਨਾ ਚਾਹੁੰਦਾ ਸੀ ਪਰ ਦਾਸ ਨੇ ਹਾਰ ਨੀ ਮੰਨੀ। ਭਾਊ ਜੀ! ਵਰ੍ਹਿਆਂ ਤੋਂ ਇਹੋ ਧੱਕਾ ਪੰਜਾਬ ਝੱਲਦਾ ਪਿਐ। ਜਾਂਦੇ ਜਾਂਦੇ ਗੁਰਦਾਸ ਮਾਨ ਨੂੰ ਵੀ ਦਿਓ ਦਾਦ, 'ਮੰਜੇ ਉੱਤੇ ਬੈਠਾ ਜੱਟ ਬਣਿਆ ਨਵਾਬ ਹੋਵੇ..ਆਪਣਾ ਪੰਜਾਬ ਹੋਵੇ..।


## ਕਿਰਪਾ ਕਰਕੇ ਦਾਨ ਕਰੋ ਅਤੇ ਸਾਂਝਾ ਕਰੋ
## 3 ਸਾਲ ਦੇ ਗੁਰਮੋਹ ਨੂੰ ਬਚਾਉਣ ਵਿੱਚ ਮਦਦ ਕਰੋ



ਸਾਡਾ ਪਿਆਰਾ ਛੋਟਾ ਗੁਰਮੋਹ ਸਿਰਫ 3 ਸਾਲ ਦਾ ਹੈ। ਉਹ ਪ੍ਰੀ-ਸਕੂਲ ਜਾਣਾ, ਦੋਸਤ ਬਣਾਉਣਾ, " Wheels on the Bus" ਗੀਤ ਗਾਉਣਾ ਬਹੁਤ ਪਸੰਦ ਕਰਦਾ ਹੈ, ਅਤੇ ਇੱਕ ਦਿਨ ਫਾਇਰਫਾਈਟਰ ਬਣਨ ਦਾ ਸੁਪਨਾ ਦੇਖਦਾ ਹੈ।

ਪਰ ਉਸਦੀ ਇਸ ਸੋਹਣੀ ਮੁਸਕਾਨ ਦੇ ਪਿੱਛੇ, ਗੁਰਮੋਹ ਇੱਕ ਵਿਰਲ ਅਤੇ ਭਿਆਨਕ ਜਨੈਟਿਕ ਬਿਮਾਰੀ ਨਾਲ ਲੜ ਰਿਹਾ ਹੈ।

### ਤਸ਼ਖੀਸ

ਇਕ ਵਿਰਲ ਅਤੇ ਹੌਲੀ-ਹੌਲੀ ਵਧਣ ਵਾਲੀ ਨਰਵਸ ਸਿਸਟਮ ਦੀ ਬਿਮਾਰੀ
SPG4 -SPAST c. 1496GA ( de novo mutation)

- ਇਹ ਹੌਲੀ-ਹੌਲੀ ਉਹਨਾਂ ਨਰਵਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ ਜੋ ਸਰੀਰ ਦੀ ਹਰਕਤ ਨੂੰ ਕੰਟਰੋਲ ਕਰਦੀਆਂ ਹਨ
- ਇਸ ਕਾਰਨ ਤੁਰਨ, ਬੋਲਣ ਅਤੇ ਖੁਦਮੁਖਤਿਆਰੀ ਖੋ ਸਕਦੀ ਹੈ

gofundme

Scan to donate to Navpreet's fundraiser "A Race Against Time to save our 3-year-old son Gurmoh"

### ਉਮੀਦ ਮੌਜੂਦ ਹੈ

McGill University ਅਤੇ UC Berkeley ਦੀਆਂ ਟੀਮਾਂ ਨਿੱਜੀ gene therapy ਤਿਆਰ ਕਰਨ ਲਈ ਅੱਗੇ ਆਈਆਂ ਹਨ।

ਅਨੁਮਾਨਿਤ ਖਰਚਾ: $8 ਮਿਲੀਅਨ
ਤੁਰੰਤ ਲਕਸ਼: $2.7 ਮਿਲੀਅਨ

ਦਾਨ ਕਰਨ ਦੇ ਤਰੀਕੇ:
GoFundMe ਲਈ QR ਕੋਡ ਸਕੈਨ ਕਰੋ
E-transfer: info@spg4hope.org
Ph: 604.726.2982

ਹਰ ਇੱਕ ਸਾਂਝਾ ਅਤੇ ਯੋਗਦਾਨ ਬਹੁਤ ਮਹੱਤਵਪਰਨ ਹੈ।

ਹੋਰ ਜਾਣਕਾਰੀ ਲਈ: spg4hope.org


# ਔਰਤ ਅਸੁਰੱਖਿਅਤ ਦਾ ਮਾਮਲਾ ਅਤੀ ਚਿੰਤਾਜਨਕ ਤੇ ਸ਼ਰਮਨਾਕ

## ਪੁਲਿਸ, ਸਰਕਾਰਾਂ ਤੇ ਅਦਾਲਤਾਂ ਦੀ ਔਰਤ ਮੁੱਦਿਆਂ ਤੇ ਕਾਰਗੁਜਾਰੀ ਤਸੱਲੀਬਖ਼ਸ਼ ਨਹੀਂ



ਬਲਵਿੰਦਰ ਸਿੰਘ ਭੁੱਲਰ

ਸੰਸਾਰ ਵਿੱਚ ਅੱਜ ਅਸੀਂ ਕਿੱਥੇ ਹਾਂ ਇਸਤੇ ਬਹੁਤਾ ਖੁਸ਼ ਨਹੀਂ ਹੋਣਾ ਚਾਹੀਦਾ, ਸਗੋਂ ਚਿੰਤਾ ਇਹ ਹੋਣੀ ਚਾਹੀਦੀ ਹੈ ਕਿ ਅਸੀਂ ਜਾ ਕਿੱਧਰ ਨੂੰ ਰਹੇ ਹਾਂ। ਸਰਕਾਰਾਂ ਦਾ ਪਹਿਲਾ ਫ਼ਰਜ ਆਪਣੇ ਦੇਸ ਦੇ ਸਮਾਜਕ ਵਿਰਸੇ ਸੱਭਿਆਚਾਰ ਨੂੰ ਸੰਭਾਲਣ ਦਾ ਹੁੰਦਾ ਹੈ, ਪਰ ਇਹ ਤਬਾਹ ਹੋ ਰਿਹੈ। ਇਸ ਵੱਲ ਸਰਕਾਰਾਂ ਦਾ ਕੋਈ ਧਿਆਨ ਨਹੀਂ ਹੈ। ਸੱਤ੍ਹਾਧਾਰੀ ਲੋਕ ਵਿਕਾਸ ਦੇ ਸਬਜਬਾਗ ਦਿਖਾ ਕੇ ਆਪ ਵੀ ਖੁਸ਼ ਹੋ ਰਹੇ ਹਨ ਅਤੇ ਜਨਤਾ ਨੂੰ ਵੀ ਪ੍ਰਚਾਉਣ ਵਿੱਚ ਲੱਗੇ ਹੋਏ ਹਨ।

ਕਿਸੇ ਦੇਸ ਦੇ ਸਮਾਜ ਤੇ ਵਿਰਸੇ ਦੀ ਨੈਤਿਕਤਾ ਦੀ ਪਹਿਚਾਣ ਇਸ ਗੱਲ ਤੋਂ ਹੁੰਦੀ ਹੈ ਕਿ ਉਹ ਆਪਣੇ ਬੱਚਿਆਂ ਲਈ ਕੀ ਕਰਦਾ ਹੈ, ਔਰਤਾਂ ਲਈ ਕੀ ਕਰਦਾ ਹੈ। ਜੇਕਰ ਇਸ ਸੰਦਰਭ ਵਿੱਚ ਦੇਖੀਏ ਤਾਂ ਸਾਡੇ ਦੇਸ ਵਿੱਚ ਬੱਚਿਆਂ ਅਤੇ ਖਾਸ ਕਰਕੇ ਲੜਕੀਆਂ ਔਰਤਾਂ ਦਾ ਭਵਿੱਖ ਅਸੁਰੱਖਿਅਤ ਹੈ। ਉਹਨਾਂ ਦਾ ਭਵਿੱਖ ਹਨੇਰੇ ਵਾਲਾ ਦਿਖਾਈ ਦੇ ਰਿਹਾ ਹੈ, ਰੋਜਗਾਰ ਮਿਲਣ ਦੀਆਂ ਸੰਭਾਵਨਾਵਾਂ ਘਟ ਜਾਣ ਦੀ ਗੱਲ ਤਾਂ ਦੂਰ, ਨਿੱਤ ਦਿਨ ਅਗਵਾ ਕਰਨ, ਕੁੱਟਮਾਰ, ਕਤਲ, ਬਲਾਤਕਾਰ, ਛੇੜਛਾੜ ਆਦਿ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਹਵਸ ਦਾ ਸ਼ਿਕਾਰ ਨਾਬਾਲਗ ਬਾਲੜੀਆਂ ਮਾਂਵਾਂ ਬਣ ਰਹੀਆਂ ਹਨ। ਅਜਿਹੇ ਅਪਰਾਧਾਂ ਸਬੰਧੀ ਭਾਰਤ ਦੀਆਂ ਸਰਕਾਰਾਂ ਨੇ ਅਨੇਕਾ ਕਾਨੂੰਨ ਬਣਾਏ ਹਨ ਅਤੇ ਬਣਾ ਰਹੀਆਂ ਹਨ ਪਰ ਉਹਨਾਂ ਨੂੰ ਲਾਗੂ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਸਰਕਾਰਾਂ ਦੁਆਰਾ ਕਾਨੂੰਨ ਨੂੰ ਲਾਗੂ ਕਰ ਸਕਣ ਦੀ ਅਸਫਲਤਾ ਤੋਂ ਵੱਡਾ ਹੋਰ ਕੋਈ ਦੋਸ਼ ਤੇ ਨਲਾਇਕੀ ਨਹੀਂ ਹੋ ਸਕਦੀ। ਸਾਡਾ ਦੇਸ ਗੁਰੂਆਂ ਪੀਰਾਂ ਰਹਿਬਰਾਂ ਦੀ ਧਰਤੀ ਹੈ, ਸਦੀਆਂ ਪਹਿਲਾਂ ਇਸ ਧਰਤੀ ਤੇ ਹਮਲਾ ਕਰਨ ਵਾਲੇ ਮੁਗਲ ਹਮਲਾਵਰਾਂ ਵੱਲੋਂ ਅਗਵਾ ਕਰਕੇ ਲਿਜਾਈਆਂ ਜਾਂਦੀਆਂ ਮੁਟਿਆਰਾਂ ਨੂੰ ਜੰਗਲਾਂ ਵਿੱਚ ਰਹਿੰਦੇ ਸਿੱਖ ਛੁਡਵਾ ਕੇ ਉਹਨਾਂ ਦੇ ਘਰੀਂ ਪਹੁੰਚਾਉਂਦੇ ਰਹੇ ਹਨ। ਇਹ ਸਾਡਾ ਵਿਰਸਾ ਹੈ, ਜਿਸਤੇ ਸਾਨੂੰ ਮਾਣ ਹੈ ਅਤੇ ਦੁਨੀਆਂ ਭਰ ਵਿੱਚ ਅਜਿਹੀਆਂ ਕਹਾਣੀਆਂ ਪ੍ਰਚੱਲਤ ਹਨ। ਪਰ ਅੱਜ ਜਿਸ ਦੇਸ ਨੂੰ ਅਸੀਂ ਤਰੱਕੀ ਦੀਆਂ ਬੁਲੰਦੀਆਂ ਛੋਹਣ ਵਾਲਾ ਕਹਿ ਰਹੇ ਹਾਂ, ਇਸ ਵਿੱਚ ਆਪਣੇ ਲੋਕਾਂ ਦੀਆਂ ਸਰਕਾਰਾਂ ਹੋਣ ਦੇ ਬਾਵਜੂਦ ਔਰਤਾਂ ਬੱਚੀਆਂ ਨਾਲ ਮੁਗ਼ਲਾਂ ਦੇ ਰਾਜ ਵਾਂਗ ਵਰਤਾਓ ਕਰਨ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਸਾਡੇ ਦੇਸ਼ ਦੀਆਂ ਧੀਆਂ ਨਾਲ ਸਾਡੇ ਹੀ ਦੇਸ ਦੇ ਲੋਕਾਂ ਵੱਲੋਂ ਜੋ ਕੀਤਾ ਜਾ ਰਿਹੈ, ਇਹ ਯਾਦ ਕਰਦਿਆਂ ਕਲੇਜਾ ਮੂੰਹ ਨੂੰ ਆਉਂਦੈ। ਪਰ ਲੋਕਾਂ ਦੀ ਰੱਖਿਆ ਕਰਨ ਵਾਲੀ ਪੁਲਿਸ ਵੀ ਇਨਸਾਫ਼ ਦਿਵਾਉਣ ਲਈ ਕੁੱਝ ਵੀ ਕਰਦੀ ਨਜਰ ਨਹੀਂ ਆ ਰਹੀ। ਬਲਾਤਕਾਰ ਜਾਂ ਛੇੜਛਾੜ ਦੇ ਬਹੁਤੇ ਕੇਸਾਂ ਨੂੰ ਤਾਂ ਦਬਾਅ ਦੇਣ ਤੇ ਹੀ ਜੋਰ ਪਾਇਆ ਜਾਂਦਾ ਹੈ, ਜੇਕਰ ਮੁਕੱਦਮਾ ਦਰਜ ਵੀ ਕੀਤਾ ਜਾਵੇ ਤਾਂ ਅਜਿਹਾ ਕੀਤਾ ਜਾਂਦਾ ਹੈ ਕਿ ਮੁਲਜਮ ਕੁੱਝ ਮਹੀਨਿਆਂ ਵਿੱਚ ਬਰੀ ਹੋ ਕੇ ਮੁੜ ਵੱਧ ਹੌਂਸਲੇ ਨਾਲ ਅਪਰਾਧ ਕਰਨ ਲਗਦੇ ਹਨ। ਅਦਾਲਤਾਂ ਵੱਲੋਂ ਵੀ ਪੀੜ੍ਹਤਾਂ ਨੂੰ ਇਨਸਾਫ਼ ਨਹੀਂ ਮਿਲਦਾ, ਆਖ਼ਰ ਉਹ ਸਾਰੀ ਉਮਰ ਸਰਮਿੰਦਗੀ ਵਾਲੀ ਜਿੰਦਗੀ ਹੰਢਾਉਂਦੀਆਂ ਹਨ ਜਾਂ ਫੇਰ ਖੁਦਕਸ਼ੀ ਕਰਕੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲੈਂਦੀਆਂ ਹਨ। ਜਿਸਨੂੰ ਵੀ ਇਤਿਹਾਸ ਦਾ ਜਰ੍ਹਾ ਜਿਨਾ ਵੀ ਗਿਆਨ ਹੈ ਉਹ ਇਹ ਜਾਣਦਾ ਹੈ ਕਿ ਮਹਾਨ ਸਮਾਜਕ ਤਬਦੀਲੀਆਂ ਔਰਤਾਂ ਦੇ ਉਭਾਰ ਤੋਂ ਬਿਨ੍ਹਾਂ ਅਸੰਭਵ ਹਨ। ਸਮਾਜਕ ਤਰੱਕੀ ਸਹੀ ਢੰਗ ਨਾਲ ਔਰਤਾਂ ਦੀ ਸਮਾਜਕ ਪੁਜੀਸ਼ਨ ਤੋਂ ਹੀ ਮਿਣੀ ਜਾ ਸਕਦੀ ਹੈ। ਇਹ ਵੀ ਸੱਚਾਈ ਹੈ ਕਿ ਜਦੋਂ ਤੱਕ ਔਰਤਾਂ ਦੀ ਸਥਿਤੀ ਵਿੱਚ ਸੁਧਾਰ ਨਹੀਂ ਹੁੰਦਾ, ਉਦੋਂ ਤੱਕ ਸੰਸਾਰ ਦਾ ਭਲਾ ਨਹੀਂ ਹੋ ਸਕਦਾ। ਪਰ ਭਾਰਤ ਵਿੱਚ ਔਰਤ ਜਾਤੀ ਨਾਲ ਕੀ ਵਾਪਰ ਰਿਹੈ, ਜੇ ਇਸਤੇ ਡੂੰਘਾਈ ਨਾਲ ਵਿਚਾਰ ਕਰੀਏ ਤਾਂ ਦੁੱਖ ਤੇ ਚਿੰਤਾ ਨਾਲ ਮਨ ਉਦਾਸ ਹੀ ਨਹੀਂ ਸਗੋਂ ਸ਼ਰਮਸਾਰ ਹੋ ਜਾਂਦਾ ਹੈ।

ਮਿਸਾਲ ਵਜੋਂ ਕਈ ਸਾਲ ਪਹਿਲਾਂ ਸਲੀਮ ਕੁਰੈਸੀ ਆਪਣੀ ਗਰਭਵਤੀ ਭੈਣ ਦਾ ਪਤਾ ਲੈਣ ਲਈ ਪਰਿਵਾਰ ਸਮੇਤ ਬੁਲੰਦ ਸ਼ਹਿਰ ਵੱਲ ਜਾਂਦਾ ਹੋਇਆ ਜਦ ਨੋਇਡਾ ਦੇ ਨਜਦੀਕ ਗੌਤਮ ਬੁੱਧ ਨਗਰ ਜਿਲ੍ਹੇ ਦੇ ਜੇਵਰ ਇਲਾਕੇ ਵਿੱਚ ਪੁੱਜਾ ਤਾਂ ਗੁੰਡਿਆਂ ਨੇ ਉਸਦੀ ਕਾਰ ਦੇ ਟਾਇਰ ਵਿੱਚ ਗੋਲੀ ਮਾਰ ਕੇ ਕਾਰ ਰੋਕ ਲਈ, ਮਰਦਾਂ ਨੂੰ ਬੰਨ੍ਹ ਦਿੱਤਾ ਅਤੇ ਔਰਤਾਂ ਨੂੰ ਖੇਤਾਂ ਵਿੱਚ ਲਿਜਾ ਕੇ ਉਹਨਾਂ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਇਸੇ ਤਰ੍ਹਾਂ ਹਰਿਆਣਾ ਵਿੱਚ ਜਾਟ ਅੰਦੋਲਨ ਸਮੇਂ ਗੜਗਾਓ ਨਜਦੀਕ ਗੁੰਡਿਆਂ ਨੇ ਗੱਡੀਆਂ ਰੋਕ ਰੋਕ ਕੇ ਮਰਦਾਂ ਦੀ ਕੁੱਟ ਮਾਰ ਕਰਦਿਆਂ ਉਹਨਾਂ ਦੀਆਂ ਔਰਤਾਂ ਤੇ ਲੜਕੀਆਂ ਨੂੰ ਖੋਹ ਕੇ ਉਹਨਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਸਨ, ਸਮੇਂ ਦੀ ਸਰਕਾਰ ਨੇ ਇਹਨਾਂ ਘਟਨਾਵਾਂ ਵਾਪਰੇ ਜਾਣਨ ਤੋਂ ਹੀ ਇਨਕਾਰ ਕਰ ਦਿੱਤਾ ਸੀ। ਔਰਤਾਂ ਹੀ ਨਹੀਂ ਛੋਟੀਆਂ ਛੋਟੀਆਂ ਬਾਲੜੀਆਂ ਨੂੰ ਹਵਸ਼ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਅਤੇ ਕਈ ਤਾਂ ਮਾਂ ਬਣਨ ਲਈ ਮਜਬੂਰ ਹੋ ਜਾਂਦੀਆਂ ਹਨ। ਬੀਤੇ ਸਾਲ ਚੰਡੀਗੜ੍ਹ ਦੇ ਇੱਕ ਹਸਪਤਾਲ ਵਿੱਚ ਦੇਸ਼ ਦੀ ਸਭ ਤੋਂ ਛੋਟੀ ਦਸ ਸਾਲ ਦੀ ਬਾਲੜੀ ਅਜਿਹੀ ਮਾਂ ਬਣ ਗਈ ਸੀ। ਲੁਧਿਆਣਾ ਵਿੱਚ ਇੱਕ ਪੰਦਰਾਂ ਸਾਲ ਦੀ ਲੜਕੀ ਨੇ ਬੱਚੇ ਨੂੰ ਜਨਮ ਦੇ ਦਿੱਤਾ ਸੀ। ਫਰੀਦਕੋਟ ਜਿਲ੍ਹੇ ਦੀ ਚੌਦਾਂ ਸਾਲ ਅਤੇ ਰੋਹਤਕ ਜਿਲ੍ਹੇ ਦੀ ਦਸ ਸਾਲ ਦੀ ਬੱਚੀ ਹਵਸ਼ ਦਾ ਸ਼ਿਕਾਰ ਹੁੰਦੀ ਰਹੀ।

ਹੁਣ ਰਾਜਸਥਾਨ ਵਿੱਚ ਵਾਪਰੀ ਇੱਕ ਗੈਂਗਰੇਪ ਘਟਨਾ ਨੇ ਫੇਰ ਇਨਸਾਫ਼ਪਸੰਦ ਲੋਕਾਂ ਦੇ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ ਹੈ। ਇਸ ਸੂਬੇ ਦੇ ਜਿਲ੍ਹਾ ਜੋਧਪੁਰ ਦੇ ਇੱਕ ਪਿੰਡ ਦੀ ਲੜਕੀ ਨਾਲ ਕਈ ਸਾਲ ਪਹਿਲਾਂ ਇੱਕ ਸਰਵਿਸ ਸੈਂਟਰ ਅਪਰੇਟਰ ਨੇ ਬਲਾਤਕਾਰ ਕੀਤਾ ਸੀ, ਉਸ ਸਮੇਂ ਉਸਨੇ ਗੁਪਤ ਵੀਡੀਓ ਬਣਾ ਲਈ। ਫੇਰ ਇਸ ਵੀਡੀਓ ਦੇ ਆਧਾਰ ਤੇ ਉਸ ਨਾਲ ਕਈ ਸਾਲ ਗੈਂਗਰੇਪ ਕਰਦੇ ਰਹੇ ਅਤੇ ਉਸਤੋਂ ਪੈਸਾ ਵੀ ਬਟੋਰਦੇ ਰਹੇ। ਆਖ਼ਰ ਉਸ ਨੇ ਇਸ ਸਾਲ ਦੀ 20 ਮਾਰਚ ਨੂੰ ਖੁਦਕਸ਼ੀ ਕਰ ਲਈ। ਪੁਲਿਸ ਨੇ ਇਸ ਮਾਮਲੇ ਸਬੰਧੀ ਐੱਫ ਆਈ ਆਰ ਦਰਜ ਕਰਕੇ ਖਾਨਾਪੂਰਤੀ ਤਾਂ ਕਰ ਦਿੱਤੀ, ਪਰ ਅਮਲ ਵਿੱਚ ਕਥਿਤ ਦੋਸ਼ੀਆਂ ਵਿਰੁੱਧ ਕੋਈ ਠੋਸ ਕਾਰਵਾਈ ਨਾ ਕੀਤੀ। ਪੁਲਿਸ ਵੱਲੋਂ ਅਜਿਹੀ ਸ਼ਹਿ ਮਿਲਣ ਤੇ ਦੋਸ਼ੀਆਂ ਦੇ ਹੌਂਸਲੇ ਇਸ ਕਦਰ ਵਧ ਗਏ ਕਿ ਉਹਨਾਂ ਉਸਦੀ ਛੋਟੀ ਭੈਣ ਨਾਲ ਵੀ ਜਿਨਸੀ ਸੋਸਣ ਕਰਨਾ ਸੁਰੂ ਕਰ ਦਿੱਤਾ, ਜਿਸਨੇ ਆਪਣੀ ਮ੍ਰਿਤਕ ਭੈਣ ਦੀ ਮੌਤ ਸਬੰਧੀ ਇਨਸਾਫ਼ ਦੀ ਮੰਗ ਕੀਤੀ ਸੀ। ਉਸਨੇ ਪੁਲਿਸ ਕੋਲ ਸਿਕਾਇਤਾਂ ਕੀਤੀਆਂ, ਪਰ ਉਸਦੀ ਕਿਸੇ ਨਾ ਸੁਣੀ। ਆਖ਼ਰ ਉਸਨੇ ਵੀ ਕੁਝ ਦਿਨ ਪਹਿਲਾਂ ਕੋਈ ਜਹਿਰੀਲੀ ਵਸਤੂ ਖਾ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ।

ਸਵਾਲ ਉੱਠਦਾ ਹੈ ਕਿ ਜੇਕਰ ਬਲਾਤਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਹੁੰਦੀ, ਪੁਲਿਸ ਠੋਸ ਕਾਰਵਾਈ ਕਰਦੀ ਅਤੇ ਆਦਲਤਾਂ ਤੋਂ ਇਨਸਾਫ਼ ਮਿਲ ਜਾਂਦਾ ਤਾਂ ਦੂਜੀ ਲੜਕੀ ਦੀ ਜਾਨ ਬਚਾਈ ਜਾ ਸਕਦੀ ਸੀ। ਪਰ ਅਜਿਹਾ ਪਹਿਲੀ ਵਾਰ ਵੀ ਨਹੀਂ ਹੋਇਆ। ਬਿਕਲੀਸ ਬਾਨੋ ਦੇ ਪਰਿਵਾਰ ਤੇ ਸੱਤ ਜੀਆਂ ਨੂੰ ਕਤਲ ਕਰਕੇ ਗੁੰਡਿਆਂ ਨੇ ਉਸ ਨਾਲ ਗੈਂਗਰੇਪ ਕੀਤਾ ਸੀ, ਉਸਨੇ ਕਈ ਸਾਲ ਲੰਬੀ ਲੜਾਈ ਲੜ ਕੇ ਦੋਸ਼ੀਆਂ ਨੂੰ ਸਜ਼ਾ ਦਿਵਾਈ। ਪਰ ਦੋਸ਼ੀਆਂ ਦਾ ਸਬੰਧ ਦੇਸ਼ ਤੇ ਰਾਜ ਕਰਦੀ ਪਾਰਟੀ ਭਾਜਪਾ ਨਾਲ ਸੀ, ਜਿਸ ਕਰਕੇ ਭਾਜਪਾ ਸਰਕਾਰ ਨੇ ਦੋਸ਼ੀਆਂ ਨੂੰ ਸਜ਼ਾ ਪੂਰੀ ਕਰਨ ਤੋਂ ਪਹਿਲਾਂ ਹੀ ਰਿਹਾਅ ਕਰਵਾ ਦਿੱਤਾ। ਪਰ ਬਿਕਲੀਸ ਬਾਨੋ ਨੇ ਮੁੜ ਅਦਾਲਤ ਦਾ ਦਰਵਾਜਾ ਖੜਕਾ ਉਹਨਾਂ ਨੂੰ ਦੁਬਾਰਾ ਜੇਲ੍ਹ ਭਿਜਵਾਇਆ। ਅਜਿਹਾ ਹੀ ਨਿਰਭੈਆ ਕਾਂਡ ਸਮੇਂ ਹੋਇਆ, ਪੁਲਿਸ ਤੇ ਸਰਕਾਰਾਂ ਗੁੰਡਿਆਂ ਦਾ ਸਾਥ ਦਿੰਦੀਆਂ ਰਹੀਆਂ। ਅਜਿਹੇ ਅਨੇਕਾ ਕੇਸ ਹਨ, ਜਿਹਨਾਂ ਤੋਂ ਗੁੰਡਿਆਂ ਨੂੰ ਹੌਂਸਲਾ ਮਿਲਿਆ ਅਤੇ ਸਰੇਆਮ ਰੇਲਾਂ ਬੱਸਾਂ ਗੱਡੀਆਂ ਅਤੇ ਹੋਰ ਪਬਲਿਕ ਥਾਵਾਂ ਤੇ ਬਲਾਤਕਾਰ ਦੀਆਂ ਘਟਨਾਵਾਂ ਵਾਪਰਨ ਲੱਗੀਆਂ। ਜੇ ਪੁਲਿਸ ਦੋਸ਼ੀਆਂ ਵਿਰੁੱਧ ਬਣਦੀ ਸਖ਼ਤ ਕਾਰਵਾਈ ਕਰੇ, ਸਰਕਾਰਾਂ ਦੋਸ਼ੀਆਂ ਦੀ ਪੁਸਤਪਨਾਹੀ ਨਾ ਕਰਨ ਅਤੇ ਅਦਾਲਤਾਂ ਪੀੜ੍ਹਤਾਂ ਨੂੰ ਇਨਸਾਫ਼ ਦੇਣ ਤਾਂ ਹੀ ਔਰਤਾਂ ਬੱਚੀਆਂ ਦੇ ਬਲਾਤਕਾਰ ਤੇ ਜਿਨਸੀ ਸੋਸਣ ਨੂੰ ਰੋਕਿਆ ਜਾ ਸਕਦਾ ਹੈ, ਪਰ ਅਜਿਹਾ ਹੋ ਨਹੀਂ ਰਿਹਾ, ਇਹ ਦੁਖਦਾਈ ਹੈ।

ਇਹਨਾਂ ਦੋਸ਼ਾਂ ਤੋਂ ਇਲਾਵਾ ਜੇਕਰ ਮਾਰਕੁੱਟ, ਛੇੜਛਾੜ, ਜਬਰਦਸਤੀ ਸ਼ਾਦੀ ਕਰ ਦੇਣ, ਜਨਮ ਤੋਂ ਪਹਿਲਾਂ ਭਰੂਣ ਦੀ ਹੱਤਿਆ ਕਰਨ, ਘਰਾਂ ਵਿੱਚ ਕੰਮ ਕਰਨ ਵਾਲੀਆਂ ਗਰੀਬ ਔਰਤਾਂ ਦਾ ਜਿਨਸੀ ਸੋਸਣ ਜਾਂ ਕਾਰਖਾਨਿਆਂ ਵਿੱਚ ਮਜਦੂਰ ਔਰਤਾਂ ਦੇ ਜਿਸਮਾਂ ਨੂੰ ਨੋਚ ਲੈਣ ਦੀਆਂ ਘਟਨਾਵਾਂ ਦੇ ਅੰਕੜੇ ਇਕੱਠੇ ਕਰਨ ਦੇ ਯਤਨ ਕੀਤੇ ਜਾਣ ਤਾਂ ਸ਼ਾਇਦ ਉਹਨਾਂ ਦੀ ਗਿਣਤੀ ਕਰਨੀ ਵੀ ਅਸੰਭਵ ਹੈ। ਦੇਵਤਿਆਂ ਗੁਰੂਆਂ ਪੀਰਾਂ ਫ਼ਕੀਰਾਂ ਦੇ ਦੇਸ਼ ਭਾਰਤ 'ਚ ਔਰਤਾਂ ਉੱਪਰ ਜੁਲਮਾਂ ਵਿੱਚ ਹੋ ਰਿਹਾ ਲਗਾਤਾਰ ਵਾਧਾ ਮਨ ਨੂੰ ਠੇਸ ਪਹੁੰਚਾਉਂਦਾ ਹੈ। ਪਰ ਪੁਲਿਸ, ਸਰਕਾਰਾਂ ਤੇ ਅਦਾਲਤਾਂ ਦੀ ਇਹਨਾਂ ਮਾਮਲਿਆਂ 'ਚ ਕਾਰਗੁਜਾਰੀ ਤਸੱਲੀਬਖ਼ਸ ਨਹੀਂ ਹੈ।ਕੁਝ ਸਾਲ ਪਹਿਲਾਂ ਗਲੋਬਲ ਐਕਸਪਾਰਟਸ਼ ਵੱਲੋਂ ਸਰਵੇਖਣ ਕਰਵਾਇਆ ਗਿਆ ਸੀ ਤਾਂ ਔਰਤ ਅਸੁਰੱਖਿਅਤ ਮਾਮਲਿਆਂ ਵਿੱਚ ਭਾਰਤ ਪਹਿਲੇ ਸਥਾਨ ਤੇ ਪਹੁੰਚ ਚੁੱਕਾ ਸਪਸ਼ਟ ਹੋਇਆ ਸੀ। ਅਫਗਾਨਸਤਾਨ ਤੇ ਸੀਰੀਆ ਦੂਜੇ ਅਤੇ ਅਮਰੀਕਾ ਤੀਜੇ ਸਥਾਨ ਤੇ ਰਿਹਾ, ਜਦ ਕਿ ਸੋਮਾਲੀਆ ਚੌਥੇ ਅਤੇ ਸਾਉਦੀ ਅਰਬ ਪੰਜਵੇਂ ਥਾਂ ਤੇ ਰਿਹਾ ਸੀ। ਨਿੱਤ ਦਿਨ ਭਾਰਤ ਵਿੱਚ ਬਲਾਤਕਾਰ, ਸਮੂਹਿਕ ਬਲਾਤਕਾਰ, ਮਸੂਮ ਬੱਚੀਆਂ ਨਾਲ ਬਲਾਤਕਾਰ ਤੇ ਕਤਲ, ਘਰੇਲੂ ਹਿੰਸਾ, ਔਰਤਾਂ ਨੂੰ ਗੁਲਾਮ ਬਣਾਉਣ, ਔਰਤਾਂ ਦੀ ਵੇਚ ਖਰੀਦ, ਜਬਰਦਸਤੀ ਵਿਆਹ, ਬਗੈਰ ਸਹਿਮਤੀ ਸੈਕਸ, ਦਾਜ ਲਈ ਕਤਲ, ਤਲਾਕ, ਭਰੂਣ ਹੱਤਿਆ, ਮਾਰਕੁੱਟ ਆਦਿ ਘਟਨਾਵਾਂ ਵਾਪਰਦੀਆਂ ਹੀ ਨਹੀਂ ਬਲਕਿ ਉਹਨਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜੋ ਚਿੰਤਾਜਨਕ ਅਤੇ ਸ਼ਰਮਨਾਕ ਹੈ।

ਜਿਹੜੀ ਸਰਕਾਰ ਮਾਂ, ਪਤਨੀ ਤੇ ਧੀ ਦਾ ਰੁਤਬਾ ਹਾਸਲ ਕਰਨ ਵਾਲੀ ਔਰਤ ਦੀ ਸੁਰੱਖਿਆ ਹੀ ਨਹੀਂ ਕਰ ਸਕਦੀ, ਉਸਤੋਂ ਹੋਰ ਆਸ ਕਿਵੇਂ ਰੱਖੀ ਜਾ ਸਕਦੀ ਹੈ? ਸੋ ਸਰਕਾਰਾਂ, ਅਦਾਲਤਾਂ, ਸਮਾਜਿਕ ਤੇ ਧਾਰਮਿਕ ਸੰਸਥਾਵਾਂ, ਬੁੱਧੀਜੀਵੀਆਂ ਵੱਲੋਂ ਇਸ ਅਤੀ ਸੰਵੇਦਨਸ਼ੀਲ ਮਾਮਲੇ ਵੱਲ ਉਚੇਚਾ ਧਿਆਨ ਦੇਣਾ ਸਮੇਂ ਦੀ ਲੋੜ ਹੈ।

ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Vol: 13 No: 292 Website : www.punjabiakhbaar.ca Email: editor@punjabiakhbaar.ca Friday, 22 May 2026

# ਮਾਵਾਂ ਨੇ ਮਾਂ ਦਿਵਸ ਤੇ ਆਪਣੇ ਦਸਵੰਧ ਬੱਚੇ ਗੁਰਮੋਹ ਦੇ ਇਲਾਜ ਲਈ ਭੇਟ ਕੀਤੇ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਈ ਮਹੀਨੇ ਦੀ ਮੀਟਿੰਗ, 17 ਮਈ 2026 ਨੂੰ ਜੈਨਸਸ ਸੈਂਟਰ ਵਿਖੇ, ਸਭਾ ਦੇ ਪ੍ਰਧਾਨ ਸ੍ਰੀਮਤੀ ਬਲਵਿੰਦਰ ਕੌਰ ਬਰਾੜ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਮਾਂ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ 'ਮਾਂ ਸਾਡੇ ਜੀਵਨ ਦਾ ਆਧਾਰ ਹੈ!' ਉਹਨਾਂ ਨੇ ਆਪਣੀ ਮਾਂ ਨਾਲ ਮੋਹ ਦੇ ਸਬੰਧ ਅਤੇ ਉਸੇ ਤਰ੍ਹਾਂ ਸੱਸ ਨਾਲ ਵੀ ਪਿਆਰ ਦੀਆਂ ਤੰਦਾਂ ਦੇ ਬਖਿਆਨ ਬੜੇ ਹੀ ਭਾਵੁਕ ਸ਼ਬਦਾਂ ਵਿੱਚ ਕੀਤੇ। ਸਭਾ ਦੀਆਂ ਮੈਂਬਰਾਂ ਨੂੰ ਉਨ੍ਹਾਂ ਨੇ, ਤਿੰਨ ਸਾਲ ਦੇ ਬੱਚੇ ਗੁਰਮੋਹ ਦੀ ਭਿਆਨਕ ਬਿਮਾਰੀ ਦੇ ਇਲਾਜ ਵਿੱਚ, ਤਿਲ ਫੁੱਲ ਹਿੱਸਾ ਪਾਉਣ ਦੀ ਅਪੀਲ ਵੀ ਕੀਤੀ। ਸਭਾ ਦੀ ਉਪ ਪ੍ਰਧਾਨ ਗੁਰਦੀਸ਼ ਕੌਰ ਗਰੇਵਾਲ ਨੇ ਕਿਹਾ ਕਿ ਅਸੀਂ ਜੋ ਕੁੱਝ ਵੀ ਹਾਂ ਆਪਣੀਆਂ ਮਾਵਾਂ ਦੀ ਬਦੌਲਤ ਹੀ ਹਾਂ। ਉਨਾਂ ਨੇ ਮਾਂ ਤੇ ਲਿਖਿਆ ਆਪਣਾ ਇੱਕ ਸ਼ਿਅਰ 'ਕੌਣ ਕਹੇ ਮਾਂ ਮਰ ਜਾਂਦੀ ਏ। ਆਪਣਾ ਆਪਾ ਅਰਪਣ ਕਰਕੇ, ਉਹ ਤਾਂ ਆਪਣੇ ਬੱਚਿਆਂ ਅੰਦਰ, ਸਭ ਕੁਝ ਆਪਣਾ ਧਰ ਜਾਂਦੀ ਏ!" ਸੁਣਾ ਕੇ ਸਭ ਨੂੰ ਵਾਰੀ ਵਾਰੀ ਮੰਚ ਤੇ ਸੱਦਾ ਦਿੱਤਾ।ਰਚਨਾਵਾਂ ਦੇ ਦੌਰ ਵਿੱਚ- ਕੁਲਵੰਤ ਕੌਰ ਗਿੱਲ, ਹਰਦੇਵ ਕੌਰ ਮਾਟਾ, ਰਜਿੰਦਰ ਕੌਰ ਚੋਹਕਾ, ਪ੍ਰਿੰ: ਚਰਨਦੀਪ ਕੌਰ ਇੰਦੂ ਸ਼ਰਮਾ, ਸੁਰਿੰਦਰ ਕੌਰ,ਗੁਰਜੀਤ, ਅਮਰਜੀਤ ਕੌਰ ਸੱਗੂ, ਜੋਗਿੰਦਰ ਕੌਰ ਪੁਰਬਾ, ਅਮਰਜੀਤ ਕੌਰ ਗਰੇਵਾਲ, ਜਸਮਿੰਦਰ ਕੌਰ ਬਰਾੜ, ਅਵਤਾਰ ਕੌਰ, ਲਖਵਿੰਦਰ ਕੌਰ ਸਚਦੇਵਾ, ਸੁਰਿੰਦਰ ਪਾਲ ਕੈਂਥ ਅਤੇ ਸੁਰਜੀਤ ਢਿੱਲੋਂ ਨੇ ਵੀ ਬੋਲੀਆਂ ਅਤੇ ਲੋਕ ਗੀਤਾਂ ਰਾਹੀਂ ਮਾਵਾਂ ਨੂੰ ਸਿਜਦਾ ਕੀਤਾ।ਡਾਕਟਰ ਅਮਨਦੀਪ ਕੌਰ ਨੇ ਭਾਵੁਕ ਹੁੰਦਿਆਂ, ਆਪਣੀ ਵਿੱਛੜੀ ਮਾਂ ਨੂੰ ਯਾਦ ਕੀਤਾ, ਉਥੇ ਉਨ੍ਹਾਂ ਨੇ ਸਾਰੀਆਂ ਔਰਤਾਂ ਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਲਈ ਪ੍ਰੇਰਿਆ ਅਤੇ ਉਸਾਰੂ ਸੁਝਾਅ ਵੀ ਦਿੱਤੇ



RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
CENTURION® Team (C21 Canada 2025)
Top 30 Under 30 by Units (C21 Canada 2023)
randy.singh@c21.ca | randysinghrealty.com

Nav Immigration Services
Student Visa · Worker Visa · Visitor Visa · Supervisa
Permanent Residency Applications · PR Card Renewal
Express Entry · Family Sponsorhip · Refugee Applications
Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

Bullet
Now Hiring
We are hiring Company Drivers & Owner Operators for USA Open Board
MUST HAVE
- Clean Driver Abstract and CVOR
- Clear Crimnal Search
- Minimum 6 months verifiable experience
- Steady Milage and Home time
- Bi Week Directly diposit
- Excellent equipment Dedicated to you
- Paid Border cross and waiting time
- after 2 hHours !
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

WE'RE IN THE PEOPLE BUSINESS, WE JUST HAPPEN TO DO MORTGAGES.®
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
VINE GROUP MORTGAGE BROKERAGE LIC. 512011
200 1965 Broad Street, Regina, SK S4P 1Y1

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE, Calgary, AB T3J 4L8

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
- Great Mile Rate
- SINP/LMIA ਲਈ ਵੀ ਮਦਦ ਕਰਦੇ ਹਨ।
- Home Time on Every Weekend
- Just CAN-USA Runs
- Long and Short Haul
HARRY 306-537-6403
GARRY 306-201-9222

EVERY DAY AUTO SALES LTD
- Cars for Newcomers
- Used cars sale & purchase.
- Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ

ਕਾਲ ਕਰੋ:
1 250 319 7263


# ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕੈਨੇਡਾ ਦੀ ਚੋਣ ਹੋਈ

## ਬਲਦੇਵ ਸਿੰਘ ਰਹਿਪਾ ਪ੍ਰਧਾਨ ਅਤੇ ਬੀਰਬਲ ਭਦੌੜ ਜਨਰਲ ਸਕੱਤਰ ਬਣੇ



ਕੈਲਗਰੀ ( ਪੰਜਾਬੀ ਅਖ਼ਬਾਰ ਬਿਊਰੋ) ਤਰਕਸ਼ੀਲ ਸੁਸਾਇਟੀ ਕੈਨੇਡਾ ਦਾ ਜਨਰਲ ਇਜਲਾਸ ਅਤੇ ਸੁਸਾਇਟੀ ਦੀ ਚੋਣ ਕੀਤੀ ਗਈ।ਇਸ ਇਜ਼ਲਾਸ ਵਿੱਚ ਚਾਰ ਇਕਾਈਆਂ, ਕੈਲਗਰੀ, ਓਨਟਾਰੀਓ, ਸਰੀ ਅਤੇ ਐਬਸਡੋਰਡ ਤੋਂ ਡੈਲੀਗੇਟਾਂ ਤੇ ਦਰਸ਼ਕਾਂ ਨੇ ਭਾਗ ਲਿਆ।ਸਭ ਤੋਂ ਪਹਿਲਾਂ ਸੁਸਾਇਟੀ ਦੀ ਪੁਰਾਣੀ ਕਮੇਟੀ ਭੰਗ ਕਰਨ ਤੋਂ ਬਾਅਦ ਡੈਲੀਗੇਟਾਂ ਨੇ ਕੈਨੇਡਾ ਦੀ ਕਾਰਜਕਾਰਣੀ ਦੀ ਚੋਣ ਕੀਤੀ। ਕਾਰਜਕਾਰੀ ਕਮੇਟੀ ਵਿੱਚ ਬਲਦੇਵ ਰਹਿਪਾ, ਬੀਰਬਲ ਭਦੌੜ, ਸੁਰਿੰਦਰ ਚਾਹਲ, ਜਗਰੂਪ ਸਿੰਘ ਧਾਲੀਵਾਲ, ਜਗਮੀਤ ਸਿੰਘ ਪੰਧੇਰ, ਨਵਤੇਜ ਸਿੰਘ, ਬਲਰਾਜ ਸ਼ੋਕਰ, ਜਸਵਿੰਦਰ ਹੇਅਰ, ਨਰਿੰਦਰ ਲਿੱਧੜ, ਦਰਸ਼ਨ ਔਜਲਾ ਅਤੇ ਬਲਵਿੰਦਰ ਬਰਨਾਲਾ ਦੀ ਚੋਣ ਕੀਤੀ ਗਈ।ਇਸ ਕਾਜਕਾਰਣੀ ਕਮੇਟੀ ਨੇ ਬਾਂਅਦ ਵਿੱਚ ਸਰਬਸੰਤੀ ਨਾਲ ਬਲਵਿੰਦਰ ਸਿੰਘ ਬਰਨਾਲਾ ਨੂੰ ਅੰਤਰਰਾਸ਼ਟਰੀ ਕੋਆਰਡੀਨੇਟਰ, ਬਲਦੇਵ ਰਹਿਪਾ ਨੂੰ ਪ੍ਰਧਾਨ, ਬੀਰਬਲ ਭਦੌੜ ਨੂੰ ਜਨਰਲ ਸਕੱਤਰ , ਜਗਰੂਪ ਸਿੰਘ ਧਾਲੀਵਾਲ ਨੂੰ ਵਿੱਤ ਸਕੱਤਰ, ਜਗਮੀਤ ਸਿੰਘ ਪੰਧੇਰ ਨੂੰ ਉੱਪ-ਪ੍ਰਧਾਨ, ਸੁਰਿੰਦਰ ਚਾਹਲ ਨੂੰ ਸਕੱਤਰ ਅਤੇ ਮੀਡੀਆ ਤੇ ਐਜੂਕੇਸ਼ਨ ਸਕੱਤਰ ਚੁਣਿਆ ਗਿਆ





ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220




ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ

App Store | Play Store



# ਚੈਸਟਰਮੇਅਰ ਪੰਜਾਬੀ ਬਜ਼ੁਰਗ ਸੁਸਾਇਟੀ ਦੀ ਮੀਟਿੰਗ ਦੌਰਾਨ ਅਹਿਮ ਫੈਸਲੇ ਲਏ ਗਏ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਚੈਸਟਰਮੇਅਰ ਪੰਜਾਬੀ ਬਜ਼ੁਰਗ ਸੁਸਾਇਟੀ ਦੀ ਐਗਜੈਕਟਿਵ ਕਮੇਟੀ ਦੀ ਮੀਟਿੰਗ ਜਨਕ ਸਿੰਘ ਖੁਰਮੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਚੈਸਟਰਮੇਅਰ ਸਿਟੀ ਵਿਖੇ ਹੋਣ ਵਾਲੇ "ਸੀਨੀਅਰਜ਼ ਵੀਕ" ਸਮਾਗਮ ਵਿੱਚ ਹਿੱਸਾ ਲੈਣ ਦਾ ਵਿਚਾਰ ਵਟਾਂਦਰਾ ਕੀਤਾ ਗਿਆ। ਇਹ ਸਮਾਗਮ ਪਹਿਲੀ ਜੂਨ ਤੋਂ ਸੱਤ ਜੂਨ ਤੱਕ ਮਨਾਏ ਜਾ ਰਹੇ ਹਨ। ਸੁਸਾਇਟੀ ਵੱਲੋਂ ਕੀਤੇ ਗਏ ਫ਼ੈਸਲੇ ਮੁਤਾਬਕ ਪਹਿਲੀ ਜੂਨ ਨੂੰ ਓਪਨਿੰਗ ਸੈਰੇਮਨੀ 'ਚ ਸ਼ਾਮਲ ਹੋਣ ਲਈ ਗਿਆਰਾਂ ਮੈਂਬਰਾਂ ਦੇ ਨਾਮ ਰਜਿਸਟਰ ਕਰਵਾਏ ਗਏ ਹਨ। ਹਫ਼ਤੇ ਦੇ ਬਾਕੀ ਸਮਾਗਮਾਂ ਲਈ ਵੀ ਲੋੜ ਅਨੁਸਾਰ ਚਾਰ ਪੰਜ ਮੈਂਬਰਾਂ ਦੇ ਨਾਮ ਰਜਿਸਟਰ ਕਰਵਾਏ ਗਏ ਹਨ। ਸਿਟੀ ਕੌਂਸਲ ਵੱਲੋਂ ਵਲੰਟੀਅਰਾਂ ਦੀ ਜੋ ਮੰਗ ਕੀਤੀ ਗਈ ਸੀ, ਉਸ ਅਨੁਸਾਰ ਦੋ ਜੂਨ ਨੂੰ "ਸੀਨੀਅਰ ਵਾਕਿੰਗ ਟੂਰ" ਲਈ ਅਤੇ ਚਾਰ ਜੂਨ ਨੂੰ "ਸੀਨੀਅਰ ਸਪੀਕਰ ਸੀਰੀਜ਼" ਸਮਾਗਮਾਂ ਲਈ ਆਪਣੇ ਵਲੰਟੀਅਰ ਦੇ ਨਾਮ ਰਜਿਸਟਰ ਕਰਵਾ ਦਿੱਤੇ ਹਨ।






# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੇ ਮੈਂਬਰਾਂ ਨੇ ਆਪੋ-ਆਪਣੇ ਵਿਚਾਰਾਂ ਰਾਹੀਂ ਮਾਵਾਂ ਪ੍ਰਤੀ ਅਕੀਦਾ ਪੇਸ਼ ਕੀਤਾ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ 11 ਮਈ ਨੂੰ ਪੈਨੋਰਾਮਾ ਕਮਿਊਨਿਟੀ ਸੈਂਟਰ ਵਿਖੇ ਹੋਈ ਮੀਟਿੰਗ ਮਾਂ-ਦਿਵਸ ਨੂੰ ਸਮਰਪਿਤ ਰਹੀ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕਾਰਵਾਈ ਦੀ ਜ਼ਿੰਮੇਵਾਰੀ ਸੁਖਵਿੰਦਰ ਕੌਰ ਉਰਫ਼ ਸੁੱਖੀ ਕੁੰਡੂ ਦੇ ਹਵਾਲੇ ਕੀਤੀ। ਸੁੱਖੀ ਨੇ ਮੰਚ-ਸੰਚਾਲਨ ਕਰਦਿਆਂ ਆਪਣੀ ਮਾਂ ਨੂੰ ਯਾਦ ਕਰ ਕੇ ਕਿਹਾ ਕਿ ਮਾਂ ਔਲਾਦ ਨੂੰ ਸਾਰੇ ਕੰਮ ਧੰਦੇ ਸਿਖਾਉਂਦੀ ਅਤੇ ਵਿਰਾਸਤ ਨੂੰ ਅੱਗੇ ਤੋਰਦੀ ਹੈ। ਉਸ ਨੇ ਕਿਹਾ ਕਿ ਸਭ ਤੋਂ ਪਹਿਲਾਂ ਧਰਤੀ ਸਾਡੀ ਮਾਂ ਹੈ ਜਿਸ ਦੀ ਸੰਭਾਲ਼ ਕਰਨਾ ਸਾਡਾ ਪਹਿਲਾ ਫ਼ਰਜ਼ ਹੈ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਪਿਛਲੇ ਜ਼ਮਾਨੇ ਅਤੇ ਅੱਜ ਦੀਆਂ ਮਾਵਾਂ ਦੀਆਂ ਦੁਨਿਆਵੀ ਜ਼ਿੰਮੇਵਾਰੀਆਂ ਵਿਚ ਆਈ ਤਬਦੀਲੀ ਬਾਰੇ ਦੱਸਿਆ। ਉਨ੍ਹਾਂ ਨੇ ਸੁਨੇਹਾ ਦਿੱਤਾ ਕਿ ਚੰਗੀਆਂ ਮਾਵਾਂ ਬਣੋ, ਆਪਣੇ ਬੱਚਿਆਂ ਨੂੰ ਬੁੱਕਲ਼ ਵਿੱਚ ਲੈ ਕੇ ਪਿਆਰ ਕਰੋ, ਉਨ੍ਹਾਂ ਨੂੰ ਚੰਗੇ ਸੰਸਕਾਰ ਦਿ-। ਡਾ: ਰਾਜਵੰਤ ਕੌਰ ਪ੍ਰੀਤ ਮਾਨ, ਅਮਰਜੀਤ ਕੌਰ ਪਲਾਹਾ, ਕੁਲਵੰਤ ਕੌਰ, ਜਸਵੀਰ ਸਿਹੋਤਾ, ਗੁਰਜੀਤ ਬਾਵੇਜਾ ਅਤੇ ਗੁਰਬਚਨ ਬਰਾੜ ਨੇ ਮਾਂ ਨੂੰ ਕਵਿਤਾਵਾਂ ਰਾਹੀਂ ਯਾਦ ਕੀਤਾ। ਗੁਰਦਿਆਲ ਸਿੰਘ ਖਹਿਰਾ, ਗੁਰਮਿੰਦਰ ਕੌਰ, ਸ਼ਮਿੰਦਰ-ਸੁਰਜੀਤ ਕੰਮੋਹ ਜੋੜੀ ਅਤੇ ਗਿੱਲ ਸੁਖਮੰਦਰ ਨੇ ਆਪੋ-ਆਪਣੇ ਅੰਦਾਜ਼ ਵਿੱਚ ਗੀਤ ਗਾ ਕੇ ਮਾਵਾਂ ਨੂੰ ਸਿਜਦਾ ਕੀਤਾ। ਵਿਨੋਦ ਕੁਮਾਰੀ ਨੇ ਲੋਹੜੇ ਦੀ ਸੁਰੀਲੀ ਆਵਾਜ਼ ਵਿੱਚ ਟੱਪੇ - ਅਸਾਂ ਚੰਨ ਨੂੰ ਗਵਾਹ ਕੀਤਾ / ਮੋਤੀਏ ਦੇ ਫੁੱਲ ਵਰਗਾ ਦਿਲ ਤੇਰੇ ਤੋਂ ਫ਼ਿਦਾ ਕੀਤਾ। ਬਿੱਕਰ ਸਿੰਘ ਸੰਧੂ ਨੇ ਤਰੱਨਮ ਵਿੱਚ ਹਿੰਦੀ ਗੀਤ - ਵੋਹ ਜਬ ਯਾਦ ਆਏ ਬਹੁਤ ਯਾਦ ਆਏ, ਮਨਦੀਪ ਕੌਰ ਹੁੰਦਲ, ਜਸਵਿੰਦਰ ਕੌਰ ਮਿਨਹਾਸ ਅਤੇ ਸਰਬਜੀਤ ਕੌਰ ਦੀ ਤਿੱਕੜੀ ਨੇ ਦਿਲਕਸ਼ ਅਦਾਵਾਂ ਅਤੇ ਅੰਦਾਜ਼ ਵਿੱਚ ਚੂੜੀਆਂ ਦਾ ਲੋਕਗੀਤ - ਗ਼ਲੀ ਗ਼ਲੀ ਵਣਜਾਰਾ ਫਿਰਦਾ -ਪੇਸ਼ ਕਰ ਕੇ ਖ਼ੁਸ਼ਗਵਾਰ ਸੰਗੀਤਕ ਮਾਹੌਲ ਸਿਰਜ ਦਿੱਤਾ। ਰਿਸ਼ੀ ਨਾਗਰ ਨੇ ਮਸ਼ਹੂਰ ਸ਼ਾਇਰ ਮੁਨੱਵਰ ਰਾਣਾ ਦੀ ਨਜ਼ਮ ਫ਼ੁਰਮਾਈ- ਮਾਂ ਨੇ ਆਂਖੇਂ ਖੋਲ ਦੀ ਘਰ ਮੇਂ ਉਜਾਲਾ ਹੋ ਗਿਆ / ਮੈਂ ਘਰ ਮੇਂ ਸਬ ਸੇ ਛੋਟਾ ਥਾ ਮੇਰੇ ਹਿੱਸੇ ਮਾਂ ਆਈ। ਨਾਲ਼ ਹੀ ਪ੍ਰੋਫੈਸਰ ਅਨਵਰ ਮਸੂਦ ਦੀ ਕਵਿਤਾ ਉਚਾਰ ਕੇ ਮਾਂ ਪ੍ਰਤੀ ਵੈਰਾਗਮਈ ਮਾਹੌਲ ਸਿਰਜ ਦਿੱਤਾ। ਸੁਖਦੇਵ ਸਿੰਘ ਧਾਲ਼ੀਵਾਲ਼ ਨੇ ਕਿਹਾ ਕਿ ਮਾਂ ਦਾ ਰਿਸ਼ਤਾ ਜਨਮ ਤੋਂ ਨੌਂ ਮਹੀਨੇ ਪਹਿਲਾਂ ਹੀ ਬਣ ਜਾਂਦਾ ਹੈ, ਇਹ ਸਭ ਤੋਂ ਛੋਟਾ ਸ਼ਬਦ ਸਭ ਤੋਂ ਵੱਡਾ ਰਿਸ਼ਤਾ ਹੈ। ਕਰਮ ਸਿੰਘ ਭੁੱਲਰ ਨੇ ਮਹਾਨ ਹਸਤੀਆਂ ਦੀਆ ਮਾਵਾਂ ਨੂੰ ਯਾਦ ਕਰ ਕੇ ਮਮਤਾ ਦੀ ਗੱਲ ਕੀਤੀ, ਪ੍ਰੋਫੈਸਰ ਮੋਹਨ ਸਿੰਘ ਦੀ ਕਵਿਤਾ ਦਾ ਹਵਾਲਾ ਦਿੱਤਾ। ਹਰਚਰਨ ਪਰਹਾਰ ਅਤੇ ਸੁਖਦੇਵ ਬੈਂਸ ਨੇ। ਅਮਰੀਕ ਸਿੰਘ ਨੇ ਮਈ ਦਿਵਸ ਬਾਰੇ ਕਵਿਤਾ ਪੜ੍ਹੀ। ਜੋਗਾ ਸਿੰਘ ਲੈਹਲ ਨੇ ਸਿੱਖਿਆਦਾਇਕ ਸ਼ੇਅਰ ਪਰੋਸੇ। ਸੁੱਖੀ ਕੁੰਡੂ ਨੇ ਸੁਚਾਰੂ ਢੰਗ ਨਾਲ਼ ਕਾਰਵਾਈ ਚਲਾਉਂਦਿਆਂ ਢੁਕਵੀਂਆਂ ਟਿੱਪਣੀਆਂ ਨਾਲ਼ ਦਰਸ਼ਕਾਂ ਦੀ ਦਿਲਚਸਪੀ ਬਣਾਈ ਰੱਖੀ। ਪਰਮਜੀਤ ਕੌਰ ਖੋਸਾ ਅਤੇ ਅਮਰਜੀਤ ਕੌਰ ਪਲਾਹਾ ਨੇ ਸਾਰੀਆਂ ਸਤਿਕਾਰਯੋਗ ਮਾਵਾਂ ਨੂੰ ਤਾਜ਼ੇ ਗੁਲਾਬ ਦੇ ਫੁੱਲ ਭੇਟ ਕਰ ਕੇ ਸਨਮਾਨਿਤ ਕੀਤਾ। ਸੁਰਿੰਦਰਜੀਤ ਪਲਾਹਾ ਨੇ 12 ਜੂਨ ਨੂੰ ਹੋਣ ਵਾਲ਼ੇ ਬਹੁ-ਸਭਿਆਚਾਰੀ ਸਮਾਗਮ ਦੀ ਰੂਪ-ਰੇਖਾ ਦੱਸੀ ਅਤੇ ਸਭ ਦਾ ਧੰਨਵਾਦ ਕੀਤਾ। ਇਸ ਮਗਰੋਂ ਲਜ਼ੀਜ਼ ਭੋਜਨ ਵਰਤਾਇਆ ਗਿਆ॥










# ਸਿਆਸਤ ਵਿੱਚ ਜਵਾਬਦੇਹੀ, ਨੈਤਿਕਤਾ ਅਤੇ ਆਦਰਸ਼ਾਂ ਦਾ ਘਾਣ



ਗੁਰਮੀਤ ਸਿੰਘ ਪਲਾਹੀ
9815802070

**ਕਿਸੇ ਵੀ ਦੇਸ਼ ਦੀ ਸਾਖ ਅਤੇ ਮਜ਼ਬੂਤੀ ਲਈ ਉਸ ਦੀਆਂ ਰਾਸ਼ਟਰੀ ਸੰਸਥਾਵਾਂ ਦਾ ਨਿਰਪੱਖ ਹੋਣਾ ਬੇਹੱਦ ਜ਼ਰੂਰੀ ਹੈ। ਪਰ ਅਫ਼ਸੋਸ ਕਿ 2024 ਤੋਂ ਪ੍ਰੀਖਿਆ ਦੀ ਪਵਿੱਤਰਤਾ ਲਗਾਤਾਰ ਭੰਗ ਹੋਣ ਤੋਂ ਬਾਅਦ ਵੀ, ਇਸ ਪ੍ਰਣਾਲੀ ਨਾਲ ਜੁੜੇ ਮੁੱਖ ਜ਼ਿੰਮੇਵਾਰਾਂ ਨੂੰ ਹਮੇਸ਼ਾਂ 'ਪਵਿੱਤਰ' (ਪਾਕ-ਸਾਫ਼) ਹੀ ਮੰਨਿਆ ਗਿਆ। ਕਿਸੇ ਵੀ ਵੱਡੇ ਅਹੁਦੇਦਾਰ 'ਤੇ ਕੋਈ ਸਖ਼ਤ ਕਾਰਵਾਈ ਨਹੀਂ ਹੋਈ। ਇਸੇ ਨਾਕਾਮੀ ਦਾ ਨਤੀਜਾ ਹੈ ਕਿ ਅੱਜ ਲੱਖਾਂ ਹੋਣਹਾਰ ਵਿਦਿਆਰਥੀ ਰੋਂਦੇ ਹੋਏ ਇਹ ਸਵਾਲ ਕਰ ਰਹੇ ਹਨ ਕਿ ਆਖ਼ਰ ਉਨ੍ਹਾਂ ਦਾ ਕਸੂਰ ਕੀ ਹੈ ? ਸ਼ਾਇਦ ਉਨ੍ਹਾਂ ਦਾ ਕਸੂਰ ਸਿਰਫ਼ ਇਹੀ ਹੈ ਕਿ ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਇੰਨੇ ਵੱਡੇ ਭ੍ਰਿਸ਼ਟਾਚਾਰ ਨੂੰ ਹਿੰਮਤ ਕਰਕੇ ਲੋਕਾਂ ਸਾਹਮਣੇ ਲਿਆਂਦਾ। ਇਹੋ ਜਿਹੇ ਹਾਲਾਤ ਨੂੰ ਦੇਖ ਕੇ ਡਰ ਲੱਗਦਾ ਹੈ ਕਿ ਸਾਨੂੰ ਹਾਲੇ ਉਨੇ ਕੁ ਹੀ ਭ੍ਰਿਸ਼ਟਾਚਾਰ ਦਾ ਪਤਾ ਹੈ ਜਿੰਨਾ ਕੁ ਸਾਹਮਣੇ ਆਇਆ ਹੈ, ਨਾ ਜਾਣੇ ਪਰਦੇ ਪਿੱਛੇ ਅਸਲੀ ਹਾਲਾਤ ਕਿੰਨੇ ਡਰਾਉਣੇ ਹੋਣਗੇ। ਸਿਤਮ ਦੇਖੋ ਦੇਸ਼ ਦੇ 551 ਸ਼ਹਿਰਾਂ ਅਤੇ ਵਿਦੇਸ਼ਾਂ ਦੇ 14 ਕੇਂਦਰਾਂ ਵਿੱਚ ਹੋਈ ਇਸ ਪ੍ਰਵੇਸ਼ ਪ੍ਰੀਖਿਆ ਬਾਰੇ ਇਹ ਦੋਸ਼ ਸਹੀ ਸਾਬਤ ਹੋ ਚੁੱਕਾ ਹੈ ਕਿ ਜੋ ਪ੍ਰਸ਼ਨ-ਪੱਤਰ ਲੀਕ ਹੋਏ, ਹੂਬਹੂ ਉਹੀ ਪ੍ਰੀਖਿਆ ਵਿੱਚ ਪਾਏ ਗਏ।**

ਅਸਲ ਵਿੱਚ ਨੈਤਿਕਤਾ ਅਤੇ ਆਦਰਸ਼ ਇਹੋ ਜਿਹੇ ਸ਼ਬਦ ਹਨ, ਜਿਨ੍ਹਾਂ ਨੂੰ ਨਿਭਾਉਣ ਲਈ ਜਵਾਬਦੇਹੀ ਦਾ ਡਰ ਹੋਣਾ ਬੇਹੱਦ ਜ਼ਰੂਰੀ ਹੈ, ਪਰ ਭਾਰਤੀ ਸਿਆਸਤਦਾਨਾਂ ਨੇ ਇਸ ਨੂੰ ਬਿਲਕੁਲ ਭੁਲਾ ਦਿੱਤਾ ਹੈ। ਕੀ ਅੱਜ ਜਵਾਬਦੇਹੀ, ਨੈਤਿਕਤਾ ਅਤੇ ਆਦਰਸ਼ਾਂ ਦੀ ਗੱਲ ਕਰਨ ਦਾ ਸਮਾਂ ਨਹੀਂ ਆ ਗਿਆ ? ਇਨ੍ਹਾਂ ਤਿੰਨਾਂ ਕਦਰਾਂ-ਕੀਮਤਾਂ ਦਾ ਭੰਡਾਰ ਤਾਂ ਸੱਤਾ ਪੱਖ ਵੱਲੋਂ ਖ਼ਤਮ ਹੋਇਆ ਪ੍ਰਤੀਤ ਹੁੰਦਾ ਹੈ। ਇੱਕ ਨਹੀਂ ਬੋਲਿਆ, ਦੋ ਨਹੀਂ ਬੋਲੇ, ਤਿੰਨ ਨਹੀਂ ਬੋਲੇ... ਅਤੇ ਜੇਕਰ ਕੋਈ ਵੀ ਕੁਝ ਨਹੀਂ ਬੋਲੇਗਾ, ਤਾਂ ਫਿਰ ਹਾਕਮ ਧਿਰ ਦੀ ਤਾਂ ਕੋਈ ਗ਼ਲਤੀ ਹੀ ਨਜ਼ਰ ਨਹੀਂ ਆਵੇਗੀ।

ਜੇਕਰ ਅਸੀਂ ਸਹੀ ਹੋਣ ਦੇ ਬਹੁਮਤ ਵਾਲੀ ਦਲੀਲ ਨੂੰ ਮੰਨ ਵੀ ਲਈਏ, ਤਾਂ ਵੀ 'ਨੀਟ' ਦੇ ਇਮਤਿਹਾਨ ਵਿੱਚ ਜੋ ਧੋਖਾਧੜੀ ਹੋਈ ਹੈ, ਉਸ ਉੱਤੇ ਆਪਣੀ ਜ਼ਿੰਮੇਵਾਰੀ ਤੋਂ ਚੁੱਪ ਵੱਟ ਕੇ ਹਾਕਮ ਧਿਰ ਨੇ ਮਾਮਲਾ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਦ ਸਰਕਾਰ ਹਰ ਪਾਸੇ ਬਚਤ ਦੀ ਗੱਲ ਕਰਦੀ ਹੈ ਅਤੇ ਦੂਜੇ ਮੁਲਕਾਂ ਵਿੱਚ ਨੇਤਾਵਾਂ ਤੋਂ ਲੈ ਕੇ ਜੱਜਾਂ ਤੱਕ ਦੇ ਸਾਈਕਲ 'ਤੇ ਦਫ਼ਤਰ ਜਾਣ ਦੀਆਂ ਮਿਸਾਲਾਂ ਸੁਣੀਆਂ ਜਾਂਦੀਆਂ ਹਨ, ਉੱਥੇ ਸਾਡੇ ਦੇਸ਼ ਵਿੱਚ ਨੀਟ ਇਮਤਿਹਾਨ ਦੁਬਾਰਾ ਲਿਆ ਜਾ ਰਿਹਾ ਹੈ। ਇਸ ਦੁਬਾਰਾ ਹੋਣ ਵਾਲੇ ਇਮਤਿਹਾਨ ਵਿੱਚ ਲੱਗਣ ਵਾਲੇ ਅਰਬਾਂ-ਖਰਬਾਂ ਰੁਪਈਆਂ ਦਾ ਬੋਝ ਦੇਸ਼ ਦੀ ਆਮ ਜਨਤਾ ਦੀ ਜੇਬ 'ਤੇ ਪਵੇਗਾ। ਇਹ ਸਿਰੇ ਦੀ ਉਸ ਮਹਿਕਮੇ ਦੀ ਨਾਕਾਮੀ ਨਹੀਂ ਹੈ, ਜਿਹੜਾ ਇਹ ਇਮਤਿਹਾਨ ਆਯੋਜਿਤ ਕਰਦਾ ਹੈ ? ਪਰ ਉਸ ਵਿਭਾਗ ਦੇ ਮੰਤਰੀ ਦੇ ਮੂੰਹੋਂ ਅਸਤੀਫ਼ੇ ਦੀ ਗੱਲ ਨਿਕਲਣੀ ਤਾਂ ਦੂਰ, ਜ਼ਿੰਮੇਵਾਰੀ ਕਬੂਲਣ ਤੱਕ ਦੀ ਕਾਰਵਾਈ ਵੀ ਦੇਖਣ ਨੂੰ ਨਹੀਂ ਮਿਲੀ। ਕੀ ਇਹ ਗ਼ੈਰ-ਜ਼ੁੰਮੇਵਾਰੀ ਦੀ ਹੱਦ ਨਹੀਂ ਹੈ ?

ਇਸ ਸਮੁੱਚੇ ਘਟਨਾਕ੍ਰਮ 'ਤੇ ਗੱਲ ਕਰਦਿਆਂ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਉਹ ਬੋਲ ਯਾਦ ਆਉਂਦੇ ਹਨ, ਜਿਨ੍ਹਾਂ ਕੁਝ ਸਮਾਂ ਪਹਿਲਾਂ ਆਖਿਆ ਸੀ- ਸਾਡੀ ਸਰਕਾਰ ਵਿੱਚ ਅਸਤੀਫ਼ੇ ਨਹੀਂ ਹੁੰਦੇ, ਇਹ ਯੂ.ਪੀ.ਏ. ਵਿੱਚ ਹੁੰਦਾ ਸੀ। ਇਨ੍ਹਾਂ ਸ਼ਬਦਾਂ ਦਾ ਸਿੱਧਾ ਤੇ ਸਪਸ਼ਟ ਅਰਥ ਕੀ ਹੈ ? ਕੀ ਇਹੋ ਕਿ ਸਾਡੀ ਸਰਕਾਰ ਵਿੱਚ ਕੋਈ ਜਵਾਬਦੇਹੀ, ਕੋਈ ਨੈਤਿਕਤਾ ਨਹੀਂ ਹੈ ਅਤੇ ਇਹ ਸਭ ਕਦਰਾਂ-ਕੀਮਤਾਂ ਸਿਰਫ਼ ਯੂ.ਪੀ.ਏ. ਸਰਕਾਰ ਦੇ ਹਿੱਸੇ ਹੀ ਆਈਆਂ ਸਨ ? ਜਦਕਿ ਰਾਜਗ ਸਰਕਾਰ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਉੱਤੇ ਅਤੇ ਮੁਕਤ ਹੈ। ਕੀ ਅਸਲ ਵਿੱਚ ਇਹ ਸ਼ਬਦ ਮੌਜੂਦਾ ਸਰਕਾਰ ਦੇ ਕੰਮਕਾਜ ਵਿੱਚ ਪੱਥਰ 'ਤੇ ਲਕੀਰ ਵਾਂਗ ਸੱਚ ਸਾਬਤ ਹੁੰਦੇ ਨਹੀਂ ਦਿਖਾਈ ਦੇ ਰਹੇ ਹਨ ? ਸਰਕਾਰ ਦੇ ਮੰਤਰੀ ਭਾਵੇਂ ਕਿੱਡੀ ਵੀ ਵੱਡੀ ਨਾਕਾਮੀ ਦੀ ਸਿਖ਼ਰ 'ਤੇ ਪਹੁੰਚ ਜਾਣ, ਨਾ ਤਾਂ ਉਨ੍ਹਾਂ ਤੋਂ ਕੋਈ ਸਵਾਲ ਪੁੱਛਿਆ ਜਾਵੇਗਾ ਅਤੇ ਨਾ ਹੀ ਉਹ ਕਿਸੇ ਨੂੰ ਜਵਾਬ ਦੇਣ ਦੇ ਪਾਬੰਦ ਹੋਣਗੇ। ਕੀ ਇਹ ਠੀਕ ਹੈ ?

ਜ਼ਮੀਨੀ ਸੱਚਾਈ ਤਾਂ ਇਹ ਹੈ ਕਿ ਜਿਹੜਾ ਮੰਤਰੀ ਆਪਣੇ ਵਿਭਾਗ ਦੇ ਕੰਮਕਾਰ ਤੋਂ ਜਿੰਨਾ ਦੂਰ ਅਤੇ ਨਿਰਲੇਪ ਰਹਿੰਦਾ ਹੈ, ਉਨਾ ਹੀ ਉਸ ਦਾ ਸਿਆਸੀ ਭਵਿੱਖ ਵਧੇਰੇ ਸੁਰੱਖਿਅਤ ਰਹਿੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਵਿਭਾਗ ਚਲਾਉਣ ਦੀ ਅਸਲ ਜ਼ਿੰਮੇਵਾਰੀ ਸਿੱਧੀ 'ਪ੍ਰਧਾਨ ਮੰਤਰੀ ਦਫ਼ਤਰ' (ਪੀ.ਐੱਮ.ਓ.) ਦੀ ਹੈ, ਜੋ ਕਿਸੇ ਵੀ ਮੰਤਰੀ ਦੀ ਆਪਣੇ ਹੀ ਵਿਭਾਗ ਵਿੱਚ ਬਹੁਤੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦਾ। ਉਂਝ ਵੀ, ਜਦੋਂ ਦੇਸ਼ ਹਰ ਵੇਲੇ 'ਚੋਣ ਮੋਡ' ਵਿੱਚ ਰਹਿੰਦਾ ਹੈ, ਤਾਂ ਵਿਭਾਗਾਂ ਦੇ ਮੰਤਰੀਆਂ ਨੂੰ ਚੋਣਾਂ ਜਿੱਤਣ ਲਈ ਇੱਕ ਫ਼ੌਜੀ ਅਫ਼ਸਰ ਵਾਂਗ ਉਨ੍ਹਾਂ ਸੂਬਿਆਂ ਵਿੱਚ ਤੈਨਾਤ ਕਰ ਦਿੱਤਾ ਜਾਂਦਾ ਹੈ, ਜਿੱਥੇ ਚੋਣਾਂ ਦਾ ਐਲਾਨ ਹੁੰਦਾ ਹੈ। ਇਹ ਮੰਤਰੀ ਉਸ ਸੂਬੇ ਦੇ ਚੋਣ ਨਤੀਜਿਆਂ ਤੱਕ ਉੱਥੇ ਹੀ ਡਟੇ ਰਹਿੰਦੇ ਹਨ। ਹਾਂ, ਕਦੇ-ਕਦੇ ਉਹ ਦਿੱਲੀ ਦਾ ਇੱਕ 'ਪਹਿਲਵਾਨੀ ਗੇੜਾ' ਜ਼ਰੂਰ ਮਾਰਦੇ ਹਨ, ਤਾਂ ਜੋ ਗ਼ੈਰ-ਚੋਣਵੇਂ ਕੰਮਕਾਜ ਵਿੱਚ ਹਾਜ਼ਰੀ ਲਵਾਈ ਜਾ ਸਕੇ ਜਾਂ ਫਿਰ ਮਜਬੂਰੀ ਵੱਸ ਪਾਰਲੀਮੈਂਟ ਦੇ ਇਜਲਾਸ ਵਿੱਚ ਕੁਝ ਸਮਾਂ ਗੁਜ਼ਾਰਿਆ ਜਾ ਸਕੇ।

ਜੇਕਰ ਅਸੀਂ ਇਤਿਹਾਸ ਦੇ ਪੰਨੇ ਫਰੋਲੀਏ, ਤਾਂ ਸਾਲ 2024 ਵਿੱਚ 'ਰਾਸ਼ਟਰੀ ਪ੍ਰੀਖਿਆ ਏਜੰਸੀ' (ਯੂਜੀ) ਨੇ 5 ਮਈ ਨੂੰ ਨੀਟ ਪ੍ਰੀਖਿਆ ਕਰਵਾਈ ਸੀ। ਪ੍ਰੀਖਿਆ ਖ਼ਤਮ ਹੋਣ ਦੇ ਕੁਝ ਘੰਟਿਆਂ ਅੰਦਰ ਹੀ ਪੇਪਰ ਲੀਕ ਹੋਣ ਦੀਆਂ ਖ਼ਬਰਾਂ ਸੋਸ਼ਲ ਮੀਡੀਆ 'ਤੇ ਜੰਗਲ ਦੀ ਅੱਗ ਵਾਂਗ ਫੈਲ ਗਈਆਂ। ਖ਼ੁਲਾਸਾ ਹੋਇਆ ਕਿ ਇੱਕ-ਇੱਕ ਪੇਪਰ 30 ਤੋਂ 50 ਲੱਖ ਰੁਪਏ ਵਿੱਚ ਵੇਚਿਆ ਗਿਆ। ਨਤੀਜਾ ਇਹ ਨਿਕਲਿਆ ਕਿ ਵਿਦਿਆਰਥੀਆਂ ਨੇ ਅਸਾਧਾਰਨ ਤੌਰ 'ਤੇ 720 ਵਿੱਚੋਂ 720 ਪੂਰੇ ਅੰਕ ਪ੍ਰਾਪਤ ਕਰ ਲਏ। ਜਦੋਂ ਵਿਵਾਦ ਵਧਿਆ, ਤਾਂ ਸ਼ੱਕੀ ਵਿਦਿਆਰਥੀਆਂ ਦੀ ਮੁੜ-ਪ੍ਰੀਖਿਆ ਕਰਵਾਈ ਗਈ, ਜਿੱਥੇ ਕਈਆਂ ਦੇ ਅੰਕ 718 ਜਾਂ 719 ਆਏ, ਜੋ ਕਿ ਨੀਟ ਦੀ ਮਾਰਕਿੰਗ ਸਕੀਮ ਮੁਤਾਬਕ ਪੂਰੀ ਤਰ੍ਹਾਂ ਗ਼ੈਰ-ਵਿਵਹਾਰਕ ਅਤੇ ਅਸੰਭਵ ਸਨ। ਇਸ ਤੋਂ ਬਾਅਦ ਇਹ ਇਮਤਿਹਾਨ ਸਿਆਸੀ ਦੰਗਲ ਦਾ ਮੈਦਾਨ ਬਣ ਗਿਆ। ਮਾਮਲਾ ਸੁਪਰੀਮ ਕੋਰਟ ਪਹੁੰਚਿਆ, ਪਰ ਉਸ ਸਮੇਂ ਕੋਰਟ ਨੇ ਪੇਪਰ ਲੀਕ ਨੂੰ 'ਖੇਤਰੀ' ਮੰਨਦਿਆਂ ਪੂਰੇ ਦੇਸ਼ ਵਿੱਚ ਮੁੜ ਪ੍ਰੀਖਿਆ ਕਰਵਾਉਣ ਤੋਂ ਇਨਕਾਰ ਕਰ ਦਿੱਤਾ।

ਪਰ ਅਫ਼ਸੋਸ ! ਦੋ ਸਾਲਾਂ ਬਾਅਦ, ਜਦੋਂ ਨੀਟ ਪ੍ਰੀਖਿਆ ਦੇ ਪੇਪਰ ਲੀਕ ਹੋਣ ਦੀ ਖ਼ਬਰ ਆਉਂਦੀ ਹੈ, ਤਾਂ ਪਤਾ ਲੱਗਦਾ ਹੈ ਕਿ ਇੱਕ ਆਮ ਅਧਿਆਪਕ ਪੁਲਿਸ ਤੱਕ ਪਹੁੰਚਦਾ ਹੈ, ਪਰ ਕਿਸੇ ਨੇ ਵੀ ਉਸ ਦੀ ਆਵਾਜ਼ ਨੂੰ ਗੰਭੀਰਤਾ ਨਾਲ ਨਹੀਂ ਲਿਆ। ਜਦੋਂ ਦੇਸ਼ ਭਰ ਵਿੱਚ ਹੰਗਾਮਾ ਮਚਿਆ, ਤਾਂ ਪ੍ਰੀਖਿਆ ਦੁਬਾਰਾ ਕਰਵਾਉਣ ਦਾ ਐਲਾਨ ਕਰ ਦਿੱਤਾ ਗਿਆ। ਇਹ ਕਿੰਨੀ ਨਾਮੋਸ਼ੀ ਅਤੇ ਸਿਤਮ ਦੀ ਗੱਲ ਹੈ ਕਿ ਜੋ ਲੀਕ ਦੋ ਸਾਲ ਪਹਿਲਾਂ 'ਖੇਤਰੀ' ਸੀ, ਉਹ ਅੱਜ ਪੂਰੇ ਰਾਸ਼ਟਰ ਵਿੱਚ ਕੋੜ੍ਹ ਵਾਂਗ ਫੈਲ ਚੁੱਕੀ ਹੈ, ਪਰ ਕਿਸੇ ਵੀ ਮੰਤਰੀ ਜਾਂ ਉੱਚ ਹਾਕਮ ਨੇ ਅਸਤੀਫ਼ਾ ਦੇਣਾ ਜਾਂ ਜ਼ਿੰਮੇਵਾਰੀ ਲੈਣਾ ਮੁਨਾਸਿਬ ਨਹੀਂ ਸਮਝਿਆ। ਕੀ ਇਹ ਨੈਤਿਕਤਾ ਹੈ ?

ਦੇਸ਼ ਦੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ 2024 ਵਿੱਚ ਬਿਆਨ ਦਿੱਤਾ ਸੀ ਕਿ 'ਪੇਪਰ ਲੀਕ ਦਾ ਕੋਈ ਸਬੂਤ ਨਹੀਂ ਮਿਲਿਆ' ਅਤੇ ਇਸ ਨੂੰ ਵਿਰੋਧੀ ਧਿਰ ਦੀ ਸਾਜ਼ਿਸ਼ ਕਰਾਰ ਦਿੰਦਿਆਂ ਕਿਹਾ ਸੀ ਕਿ ਵਿਦਿਆਰਥੀਆਂ ਨੂੰ ਭੜਕਾਇਆ ਜਾ ਰਿਹਾ ਹੈ। ਪਰ ਫਿਰ ਬਿਨਾਂ ਸਮਾਂ ਗੁਆਏ ਉਨ੍ਹਾਂ ਨੇ ਕੁਝ ਵਿਦਿਆਰਥੀਆਂ ਲਈ ਦੁਬਾਰਾ ਪ੍ਰੀਖਿਆ ਦਾ ਐਲਾਨ ਵੀ ਕਰ ਦਿੱਤਾ ਅਤੇ ਆਖਿਆ ਕਿ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਕੋਈ ਸਬੂਤ ਨਹੀਂ ਸੀ, ਤਾਂ ਪ੍ਰੀਖਿਆ ਦੁਬਾਰਾ ਕਿਉਂ ਹੋਈ ? ਅਤੇ ਜੇ ਦੋਸ਼ੀ ਸਨ, ਤਾਂ ਉਨ੍ਹਾਂ ਨੂੰ ਉਦੋਂ ਕਿਉਂ ਬਖਸ਼ ਦਿੱਤਾ ਗਿਆ ? ਕੀ ਗਾਰੰਟੀ ਹੈ ਕਿ ਇਸ ਦੌਰਾਨ ਪੇਪਰ ਲੀਕ ਦਾ ਇਹ ਗੋਰਖਧੰਦਾ ਬੰਦ ਰਿਹਾ ਹੋਵੇਗਾ ?

ਇੰਨੇ ਵੱਡੇ ਮਸਲੇ 'ਤੇ ਹਾਕਮਾਂ ਦੀ ਇਹ ਗੂੜ੍ਹੀ ਚੁੱਪੀ ਬੇਹੱਦ ਰੜਕਦੀ ਹੈ। ਅੱਜ ਹਰ ਆਮ ਆਦਮੀ ਇੰਟਰਨੈੱਟ ਰਾਹੀਂ ਸੱਤਾ ਅਤੇ 'ਰਾਸ਼ਟਰੀ ਪ੍ਰੀਖਿਆ ਏਜੰਸੀ'(ਐੱਨ.ਟੀ.ਏ) ਦੇ ਵਜੂਦ 'ਤੇ ਸਵਾਲ ਚੁੱਕ ਰਿਹਾ ਹੈ। ਇਹ ਗੰਭੀਰ ਦੋਸ਼ ਲਾਏ ਜਾ ਰਹੇ ਹਨ ਕਿ ਇਸ ਪੂਰੇ ਖੇਡ ਵਿੱਚ ਵੱਡੇ-ਵੱਡੇ ਕੋਚਿੰਗ ਇੰਸਟੀਚਿਊਟਾਂ ਅਤੇ ਮਾਫ਼ੀਆ ਦਾ ਹੱਥ ਹੈ। ਕਿਸੇ ਵੀ ਦੇਸ਼ ਦੀ ਹਕੂਮਤ ਲਈ ਇਸ ਤੋਂ ਵੱਡੀ ਨਾਕਾਮੀ ਹੋਰ ਕੀ ਹੋ ਸਕਦੀ ਹੈ ਕਿ ਉਹ ਆਪਣੇ ਮੁਲਕ ਦੀਆਂ ਰਾਸ਼ਟਰੀ ਸੰਸਥਾਵਾਂ ਦੀ ਪਵਿੱਤਰਤਾ ਅਤੇ ਲੱਖਾਂ ਬੱਚਿਆਂ ਦੇ ਭਵਿੱਖ ਦੀ ਰੱਖਿਆ ਕਰਨ ਵਿੱਚ ਪੂਰੀ ਤਰ੍ਹਾਂ ਅਸਫ਼ਲ ਸਾਬਤ ਹੋਈ ਹੈ।

ਕਿਸੇ ਵੀ ਦੇਸ਼ ਦੀ ਸਾਖ ਅਤੇ ਮਜ਼ਬੂਤੀ ਲਈ ਉਸ ਦੀਆਂ ਰਾਸ਼ਟਰੀ ਸੰਸਥਾਵਾਂ ਦਾ ਨਿਰਪੱਖ ਹੋਣਾ ਬੇਹੱਦ ਜ਼ਰੂਰੀ ਹੈ। ਪਰ ਅਫ਼ਸੋਸ ਕਿ 2024 ਤੋਂ ਪ੍ਰੀਖਿਆ ਦੀ ਪਵਿੱਤਰਤਾ ਲਗਾਤਾਰ ਭੰਗ ਹੋਣ ਤੋਂ ਬਾਅਦ ਵੀ, ਇਸ ਪ੍ਰਣਾਲੀ ਨਾਲ ਜੁੜੇ ਮੁੱਖ ਜ਼ਿੰਮੇਵਾਰਾਂ ਨੂੰ ਹਮੇਸ਼ਾਂ 'ਪਵਿੱਤਰ' (ਪਾਕ-ਸਾਫ਼) ਹੀ ਮੰਨਿਆ ਗਿਆ। ਕਿਸੇ ਵੀ ਵੱਡੇ ਅਹੁਦੇਦਾਰ 'ਤੇ ਕੋਈ ਸਖ਼ਤ ਕਾਰਵਾਈ ਨਹੀਂ ਹੋਈ। ਇਸੇ ਨਾਕਾਮੀ ਦਾ ਨਤੀਜਾ ਹੈ ਕਿ ਅੱਜ ਲੱਖਾਂ ਹੋਣਹਾਰ ਵਿਦਿਆਰਥੀ ਰੋਂਦੇ ਹੋਏ ਇਹ ਸਵਾਲ ਕਰ ਰਹੇ ਹਨ ਕਿ ਆਖ਼ਰ ਉਨ੍ਹਾਂ ਦਾ ਕਸੂਰ ਕੀ ਹੈ ? ਸ਼ਾਇਦ ਉਨ੍ਹਾਂ ਦਾ ਕਸੂਰ ਸਿਰਫ਼ ਇਹੀ ਹੈ ਕਿ ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਇੰਨੇ ਵੱਡੇ ਭ੍ਰਿਸ਼ਟਾਚਾਰ ਨੂੰ ਹਿੰਮਤ ਕਰਕੇ ਲੋਕਾਂ ਸਾਹਮਣੇ ਲਿਆਂਦਾ। ਇਹੋ ਜਿਹੇ ਹਾਲਾਤ ਨੂੰ ਦੇਖ ਕੇ ਡਰ ਲੱਗਦਾ ਹੈ ਕਿ ਸਾਨੂੰ ਹਾਲੇ ਉਨੇ ਕੁ ਹੀ ਭ੍ਰਿਸ਼ਟਾਚਾਰ ਦਾ ਪਤਾ ਹੈ ਜਿੰਨਾ ਕੁ ਸਾਹਮਣੇ ਆਇਆ ਹੈ, ਨਾ ਜਾਣੇ ਪਰਦੇ ਪਿੱਛੇ ਅਸਲੀ ਹਾਲਾਤ ਕਿੰਨੇ ਡਰਾਉਣੇ ਹੋਣਗੇ। ਸਿਤਮ ਦੇਖੋ ਦੇਸ਼ ਦੇ 551 ਸ਼ਹਿਰਾਂ ਅਤੇ ਵਿਦੇਸ਼ਾਂ ਦੇ 14 ਕੇਂਦਰਾਂ ਵਿੱਚ ਹੋਈ ਇਸ ਪ੍ਰਵੇਸ਼ ਪ੍ਰੀਖਿਆ ਬਾਰੇ ਇਹ ਦੋਸ਼ ਸਹੀ ਸਾਬਤ ਹੋ ਚੁੱਕਾ ਹੈ ਕਿ ਜੋ ਪ੍ਰਸ਼ਨ-ਪੱਤਰ ਲੀਕ ਹੋਏ, ਹੂਬਹੂ ਉਹੀ ਪ੍ਰੀਖਿਆ ਵਿੱਚ ਪਾਏ ਗਏ।

ਨੈਤਿਕਤਾ, ਆਦਰਸ਼ ਅਤੇ ਜਵਾਬਦੇਹੀ ਦੀ ਬਾਤ ਇਕੱਲੀ 'ਨੀਟ' ਦੀ ਪ੍ਰੀਖਿਆ ਤੱਕ ਹੀ ਸੀਮਤ ਨਹੀਂ ਹੈ। ਇਹ ਨੈਤਿਕਤਾ ਅਤੇ ਜਵਾਬਦੇਹੀ ਦਾ ਸਵਾਲ ਸਿੱਧਾ ਦੇਸ਼ ਦੇ ਸਭ ਤੋਂ ਵੱਡੇ ਹਾਕਮ ਦੇ ਕਿਰਦਾਰ ਤੱਕ ਪੁੱਜਦਾ ਹੈ। ਉਹ ਹਾਕਮ, ਜਿਹੜਾ ਆਮ ਲੋਕਾਂ ਨੂੰ ਵਿਦੇਸ਼ ਯਾਤਰਾਵਾਂ ਨਾ ਕਰਨ ਦੀ ਸਲਾਹ ਦਿੰਦਾ ਹੈ ਅਤੇ ਪੈਟਰੋਲ ਦੀ ਬਚਤ ਕਰਨ ਦੇ ਉਪਦੇਸ਼ ਦਿੰਦਾ ਹੈ, ਉਹ ਖ਼ੁਦ ਪੰਜ-ਪੰਜ ਦੇਸ਼ਾਂ ਦੀਆਂ ਯਾਤਰਾਵਾਂ 'ਤੇ ਨਿਕਲ ਜਾਂਦਾ ਹੈ। ਸਰਕਾਰੀ ਖ਼ਰਚਿਆਂ ਦੀ ਹੱਦ ਵੇਖੋ ਕਿ ਕਿਸੇ ਪ੍ਰੋਜੈਕਟ ਦਾ ਉਦਘਾਟਨ ਕਰਨ ਜਾਂ ਸੌਂਹ ਚੁੱਕ ਸਮਾਗਮਾਂ ਲਈ ਲਗਭਗ ਹਰ ਦੂਜੇ ਦਿਨ ਦੇਸ਼ ਦੇ ਕਿਸੇ ਨਾ ਕਿਸੇ ਕੋਨੇ ਲਈ ਹਵਾਈ ਉਡਾਨਾਂ ਭਰੀਆਂ ਜਾਂਦੀਆਂ ਹਨ।

ਨੈਤਿਕ ਕਦਰਾਂ-ਕੀਮਤਾਂ ਨੂੰ ਲਤਾੜਨ ਦੀ ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਪ੍ਰਧਾਨ ਮੰਤਰੀ ਦੇਸ਼ ਦੇ ਗ਼ਰੀਬ ਕਿਸਾਨਾਂ ਨੂੰ ਵਿਦੇਸ਼ਾਂ ਤੋਂ ਆਉਣ ਵਾਲੀ ਕੀਮਤੀ ਖਾਦ ਦੀ ਵਰਤੋਂ ਛੱਡ ਕੇ, ਪੁਰਾਣੇ ਤਰੀਕਿਆਂ ਨਾਲ ਖੇਤੀ ਕਰਨ ਦਾ ਮਸ਼ਵਰਾ ਦਿੰਦੇ ਹਨ। ਸ਼ਾਇਦ ਪ੍ਰਧਾਨ ਮੰਤਰੀ ਉਹ ਦੌਰ ਭੁੱਲ ਗਏ ਹਨ ਜਦੋਂ ਦੇਸ਼ ਵਿੱਚ ਅਨਾਜ ਦੀ ਭਾਰੀ ਕਮੀ ਸੀ ਅਤੇ ਸਾਨੂੰ ਪੇਟ ਭਰਨ ਲਈ ਸਮੁੰਦਰ ਦੇ ਰਸਤੇ ਵਿਦੇਸ਼ਾਂ (ਖ਼ਾਸ ਕਰਕੇ ਅਮਰੀਕਾ) ਤੋਂ ਕਣਕ ਤੇ ਚੌਲ ਮੰਗਵਾਉਣੇ ਪੈਂਦੇ ਸਨ। ਕੀ ਪ੍ਰਧਾਨ ਮੰਤਰੀ ਦੇਸ਼ ਨੂੰ ਮੁੜ ਉਸੇ ਪਰਨਿਰਭਰਤਾ ਅਤੇ ਸੰਕਟ ਦੇ ਦੌਰ ਵਿੱਚ ਲੈ ਕੇ ਜਾਣ ਦੇ ਚਾਹਵਾਨ ਹਨ ?

ਪ੍ਰਧਾਨ ਮੰਤਰੀ ਲੋਕਾਂ ਨੂੰ ਤਾਂ ਵੱਡੇ-ਵੱਡੇ ਉਪਦੇਸ਼ ਦਿੰਦੇ ਹਨ, ਪਰ ਕੀ ਉਹ ਖ਼ੁਦ ਇਸ ਸੰਕਟ ਦੀ ਘੜੀ ਵਿੱਚ ਨੈਤਿਕ ਹੌਸਲਾ ਦਿਖਾਉਂਦੇ ਹੋਏ ਆਪਣੇ ਮੰਤਰੀਆਂ-ਸੰਤਰੀਆਂ ਨੂੰ ਵੀ ਵੀ.ਆਈ.ਪੀ. ਕਲਚਰ ਛੱਡ ਕੇ ਆਮ ਲੋਕਾਂ ਵਾਂਗ ਰਹਿਣ ਦੀ ਪ੍ਰੇਰਨਾ ਨਹੀਂ ਦੇ ਸਕਦੇ ? ਕੀ ਉਹ ਨੇਤਾਵਾਂ ਨੂੰ ਲਗਜ਼ਰੀ ਕੋਠੀਆਂ ਅਤੇ ਵੱਡੀਆਂ ਗੱਡੀਆਂ ਦੇ ਕਾਫ਼ਲਿਆਂ ਦੀ ਆਦਤ ਛੱਡਣ ਲਈ ਨਹੀਂ ਕਹਿ ਸਕਦੇ ? ਯਾਦ ਰੱਖਣਾ ਚਾਹੀਦਾ ਹੈ ਕਿ ਪੱਛਮੀ ਅਤੇ ਵਿਕਸਿਤ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ ਅਜਿਹੇ ਸ਼ਾਹੀ ਕਾਫ਼ਲਿਆਂ ਦੀ ਵਰਤੋਂ ਨਹੀਂ ਕਰਦੇ। ਉੱਥੋਂ ਦੇ ਸਿਆਸਤਦਾਨ ਅਕਸਰ ਮੈਟਰੋ ਵਿੱਚ ਸਫ਼ਰ ਕਰਦੇ ਹਨ, ਆਪਣਾ ਬਾਲਣ, ਗੈਸ ਅਤੇ ਬਿਜਲੀ ਖ਼ੁਦ ਬਚਾਉਂਦੇ ਹਨ ਅਤੇ ਜਨਤਾ ਦੇ ਪੈਸੇ ਦੀ ਜਵਾਬਦੇਹੀ ਤੈਅ ਕਰਦੇ ਹਨ।

ਜਦੋਂ ਤੱਕ ਦੇਸ਼ ਦੇ ਹਾਕਮ ਆਪਣੀ ਕਥਨੀ ਅਤੇ ਕਰਨੀ ਦੇ ਇਸ ਪਾੜੇ ਨੂੰ ਖ਼ਤਮ ਨਹੀਂ ਕਰਦੇ, ਉਦੋਂ ਤੱਕ ਪ੍ਰਸ਼ਾਸਨਿਕ ਸੁਧਾਰਾਂ ਦੀ ਗੱਲ ਕਰਨਾ ਬੇਮਾਅਨਾ ਹੈ। ਜੇਕਰ ਦੇਸ਼ ਦੇ ਲੱਖਾਂ ਨੌਜਵਾਨਾਂ ਦਾ ਭਵਿੱਖ ਪੇਪਰ ਲੀਕ ਮਾਫ਼ੀਆ ਦੇ ਹੱਥਾਂ ਵਿੱਚ ਸੁਰੱਖਿਅਤ ਨਹੀਂ ਹੈ, ਅਤੇ ਸਰਕਾਰ ਜ਼ਿੰਮੇਵਾਰੀ ਲੈਣ ਦੀ ਬਜਾਏ ਚੁੱਪੀ ਧਾਰੀ ਬੈਠੀ ਹੈ, ਤਾਂ 'ਆਦਰਸ਼' ਅਤੇ 'ਨੈਤਿਕਤਾ' ਸਿਰਫ਼ ਭਾਸ਼ਣਾਂ ਦੇ ਸ਼ਬਦ ਬਣ ਕੇ ਰਹਿ ਜਾਣਗੇ। ਜਵਾਬਦੇਹੀ ਦਾ ਡਰ ਸਿਰਫ਼ ਕਾਨੂੰਨ ਨਾਲ ਨਹੀਂ, ਬਲਕਿ ਸੱਤਾ ਦੇ ਸਿਖ਼ਰ 'ਤੇ ਬੈਠੇ ਲੋਕਾਂ ਦੇ ਆਪਣੇ ਆਚਰਣ ਤੋਂ ਸ਼ੁਰੂ ਹੋਣਾ ਚਾਹੀਦਾ ਹੈ। ਜੇਕਰ ਅੱਜ ਵੀ ਅਸੀਂ ਸਵਾਲ ਨਾ ਪੁੱਛੇ, ਤਾਂ ਇਹ ਸਿਸਟਮ ਆਉਣ ਵਾਲੀਆਂ ਕਈ ਪੀੜ੍ਹੀਆਂ ਦਾ ਭਵਿੱਖ ਇੰਝ ਹੀ ਦਾਅ 'ਤੇ ਲਾਉਂਦਾ ਰਹੇਗਾ।

ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਸਾਲ 2026 ਦੇ ਪਹਿਲੇ ਇੱਕ ਰੋਜ਼ਾ ਪੁਸਤਕ ਮੇਲੇ 'ਤੇ ਕੈਲਗਰੀ ਦੇ ਪਾਠਕਾਂ ਵੱਲੋਂ ਵੱਡਾ ਹੁੰਗਾਰਾ ਮਿਲਿਆ

## 6 ਜੂਨ 2026 ਦਿਨ ਸ਼ਨੀਵਾਰ ਨੂੰ ਹੋਣ ਵਾਲੇ ਨਾਟਕ ਦੀਆਂ ਟਿਕਟਾਂ ਮੰਗ ਹੁਣੇ ਹੋਣ ਲੱਗੀ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 10 ਮਈ ਦਿਨ ਐਤਵਾਰ ਨੂੰ ਮਾਸਟਰ ਭਜਨ ਸਿੰਘ ਅਤੇ ਸਹਿਯੋਗੀਆਂ ਵੱਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਪਹਿਲਾ ਇੱਕ ਰੋਜ਼ਾ ਪੁਸਤਕ ਮੇਲਾ ਡਾ: ਭੁੱਲਰ ਵਾਲ਼ੇ ਗਰੀਨ ਪਲਾਜ਼ਾ ਵਿੱਚ ਲਗਾਇਆ ਗਿਆ। ਪੁਸਤਕ ਮੇਲੇ ਦਾ ਉਦਘਾਟਨ ਯੰਗਸਤਾਨ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਦੇ ਸੰਚਾਲਕ ਸੁਖਵੀਰ ਸਿੰਘ ਗਰੇਵਾਲ਼ ਵੱਲੋਂ ਕੀਤਾ ਗਿਆ, ਜਿਹੜੇ ਕਈ ਸਾਲਾਂ ਤੋਂ ਬੱਚਿਆਂ ਲਈ ਕੈਂਪ ਲਗਾਉਂਦੇ ਹਨ ਅਤੇ ਪੰਜਾਬੀ ਦੀਆਂ ਕਲਾਸਾਂ ਦਾ ਪ੍ਰਬੰਧ ਵੀ ਕਰਦੇ ਹਨ।

ਇਸ ਮੌਕੇ 'ਤੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਵੱਲੋਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲ਼ਗਰੀ ਅਤੇ ਪ੍ਰੋਗਰੈਸਿਵ ਕਲਾ ਮੰਚ ਵੱਲੋਂ ਕਰਵਾਏ ਜਾ ਰਹੇ 15ਵੇਂ ਸਲਾਨਾ ਸੋਹਣ ਮਾਨ ਯਾਦਗਾਰੀ ਨਾਟਕ ਮੇਲੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 6 ਜੂਨ ਸ਼ਨੀਵਾਰ ਨੂੰ ਰੈਡਸਟੋਨ ਥੀਏਟਰ ਨਾਰਥ ਈਸਟ ਕੈਲਗਰੀ ਵਿੱਚ ਹੋ ਰਹੇ ਨਾਟਕ ਮੇਲੇ ਦੀ ਟਿਕਟ ਹਰ ਸਾਲ ਦੀ ਤਰ੍ਹਾਂ ਸਿਰਫ 10 ਡਾਲਰ ਹੈ।ਇਸ ਨਾਟਕ ਸਮਾਗਮ ਵਿੱਚ ਪੰਜਾਬੀ ਨਾਟਕ ਦੇ ਪਿਤਾਮਾ ਭਾਅ ਜੀ ਗੁਰਸ਼ਰਨ ਸਿੰਘ ਦੇ ਨਾਟਕ 'ਚਾਂਦਨੀ ਚੌਂਕ ਤੋਂ ਸਰਹਿੰਦ ਤੱਕ' ਅਤੇ ਹਰਕੇਸ਼ ਚੌਧਰੀ ਦੇ ਲਿਖੇ ਗਦਰੀ ਬੀਬੀ ਗੁਲਾਬ ਕੌਰ ਦੀ ਜੀਵਨੀ ਅਧਾਰਿਤ ਨਾਟਕ 'ਧਰਮ ਵੰਗਾਰੇ ਤਖਤ ਨੂੰ' ਪੇਸ਼ ਕੀਤੇ ਜਾਣਗੇ।ਲੋਕਲ ਬੱਚਿਆਂ ਵੱਲੋਂ ਕੋਰੀਓਗਰਾਫੀ ਪੇਸ਼ ਕੀਤੀਆਂ ਜਾਣਗੀਆਂ।

ਇਸ ਇੱਕ ਰੋਜ਼ਾ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿੱਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵੱਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵੱਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ।ਤੁਸੀਂ ਮਾਸਟਰ ਭਜਨ ਸਿੰਘ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਅਤੇ ਨਾਟਕ ਸਮਾਗਮ ਦੀਆਂ ਟਿਕਟਾਂ ਵੀ ਲੈ ਸਕਦੇ ਹੋ।






# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ (ਸੌਰਟ ਟਰਮ ਡਿਵੋਰਸੀ) ਉਮਰ 32 ਸਾਲ, ਕੱਦ 6 ਫੁੱਟ, ਆਟੋਮੋਬਾਈਲ ਇੰਜੀਨੀਅਰ, ਵੈੱਲ ਸੈਟਲਡ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 422 1833 ਜਾਂ 604 716 0711 **297*3**

## ਲੜਕੀ ਦੀ ਲੋੜ

ਕੈਲਗਰੀ(ਕੈਨੇਡਾ) ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਨਸ਼ਾ ਰਹਿਤ,ਮਿਹਨਤੀ ਸੁਭਾਅ ਦੇ ਲੜਕੇ ਜਨਮ ਸਾਲ 2000,ਕੱਦ 5 ਫੁੱਟ 11 ਇੰਚ, ਬੀ ਏ ਗਰੈਜੂਏਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਜੇਕਰ ਕੁੜੀ ਦਾ ਪਿਛੋਕੜ ਨਰਸਿੰਗ ਹੈ ਤਾਂ ਉਸ ਨੂੰ ਨੈਨੀ ਬੇਸ ਉੱਪਰ ਪੀ ਆਰ ਲਈ ਮੱਦਦ ਕਰ ਸਕਦੇ ਹਾਂ। ਲੜਕਾ ਆਪਣੀ ਭੈਣ ਅਤੇ ਉਸਦੇ ਪਰਿਵਾਰ ਨਾਲ ਕੈਲਗਰੀ ਰਹਿੰਦਾ ਹੈ। ਸੰਪਰਕ: 1 403 909 3912 ***297***3***

## ਲੜਕੀ ਦੀ ਲੋੜ

ਰਾਮਗੜ੍ਹੀਆ, ਮੁੱਟੇ ਪਰਿਵਾਰ ਦੇ ਵਿਜਟਰ ਵੀਜੇ ਉੱਪਰ ਕੈਨੇਡਾ ਆਏ ਲੜਕੇ ਉਮਰ 27 ਸਾਲ, ਕੱਦ:5 ਫੁੱਟ 10 ਇੰਚ,ਵਿੱਦਿਅਕ ਯੋਗਤਾ : ਬੀਬੀਏ,ਆਈ ਟੀ ਆਈ ਵੈਲਡਰ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 825 889 1726 Email: parimnderisngh91726 @gmail.com ***297***3***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ,ਜੱਟ ਸਿੱਖ ਵੈਸ਼ਨੂੰ,ਵੈੱਲ ਸੈਟਲਡ,ਤਲਾਕਸੁਦਾ,ਬਿਨਾ ਬੱਚੇ ਤੋਂ,ਲੜਕੇ ਉਮਰ 42 ਸਾਲ, ਕੱਦ 5 ਫੁੱਟ 11 ਇੰਚ, ਬੀਏ ਪਾਸ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ/ਵਿਧਾਵਾ ਲੜਕੀ ਬਿਨਾ ਬੱਚੇ ਤੋਂ ਸੰਪਰਕ ਕਰ ਸਕਦੀ ਹੈ। ਸੰਪਰਕ: 1 825 431 3300 ਜਾਂ ਈ ਮੇਲ : jmanjit61@gmail.com ***297***3***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ, ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਜਨਮ (ਇੰਡੀਆ) 1996, ਕੱਦ 6 ਫੁੱਟ 2 ਇੰਚ, ਏਅਰ ਕਰਾਫਟ ਮੈਨਟੀਨੈਂਸ ਡਿਪਲੋਮਾਂ ਹੋਲਡਰ ਲਈ,ਪੜੀ ਲਿਖੀ,ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਮੌਜੂਦਾ ਸਮੇ ਸੀ ਐਨ ਵਿੱਚ ਲੋਕੋਮੋਟਿਵ ਇੰਜੀਨਅਰ ਵੱਜੋਂ ਜੈਸਪਰ ਵਿਖੇ ਜੌਬ ਕਰ ਰਿਹਾ ਹੈ। ਸੰਪਰਕ: 1 204 293 6735 ***297***F***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਪੰਜਾਬੀ ਹਿੰਦੂ ਖੱਤਰੀ ਮਨੋਚਾ ਪਰਿਵਾਰ ਦੇ ਲੜਕੇ ਜਨਮ 1996, ਕੱਦ 5 ਫੁੱਟ 10 ਇੰਚ, ਐਜੂਕੇਸ਼ਨ: BBA , ਫੈਮਿਲੀ ਬਿਜਨਿਸ ਚਲਾ ਰਹੇ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 969 8776 ਜਾਂ ਈ ਮੇਲ: Gmanocha@shaw.ca **296*3**

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ,ਜਨਮ 1992,ਕੱਦ 5 ਫੁੱਟ 4 ਇੰਚ, ਰਜਿਸਟਰਡ ਨਰਸ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ, ਚੰਗੇ ਪੜੇ ਲਿਖੇ,ਵੈੱਲ ਸੈਟਲਡ,ਨਸ਼ਿਆਂ ਤੋਂ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: +91 9646714007 ਜਾਂ +91 78889 93075 ***292***1***

## ਲੜਕੀ ਦੀ ਲੋੜ

ਦਿੱਲੀ ਦੇ ਜੰਮਪਲ ਸਿੱਖ ਬਾਜਵਾ ਪਰਿਵਾਰ ਦੇ ਇਕਲੌਤੇ ਲੜਕੇ ਜਨਮ 2002,ਕੱਦ 5 ਫੁੱਟ 10 ਇੰਚ, ਵਿੱਦਿਅਕ ਯੋਗਤਾ: graduation in BBA, ਦਿੱਲੀ ਕਾਰਪੋਰੇਸ਼ਨ ਸਰਕਾਰੀ ਜੌਬ ਕਰਦੇ ਲਈ ਹਾਣ ਪ੍ਰਵਾਨ ਦੀ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 368 599 7814 **296**3

## ਲੜਕੇ ਦੀ ਲੋੜ

ਰਾਮਗੜ੍ਹੀਆ PR ਲੜਕੀ ,ਕੈਲਗਰੀ ਜਨਮ 1989 5’ 5” ਪੜ੍ਹੀ ਲਿਖੀ ਤਲਾਕਸ਼ੁਦਾ, ਬਿਨਾ ਬੱਚੇ, ਲਈ ਵੈੱਲ ਸੈੱਟਲਡ ਮੁੰਡੇ ਦੀ ਲੋੜ । ਪਹਿਲ BC, ਮਾਲਵਾ। ਬਹੁਤੀ ਛੋਟੀ ਉਮਰ ਵਾਲੇ ਨਾ ਸੰਪਰਕ ਕਰਨ +91 98 558 48979, Ramgharia PR short issueless no kids divorce,5’5" 1989 well educated girl in Calgary seeking well settled boy. Willing to move to BC. Please call +91 98 558 48979, Marriage Bureau calls will be blocked ***295***3***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਟਰੱਕਿੰਗ ਇੰਡਸਟਰੀ ਵਿੱਚ ਵਰਕ ਪਰਮਿਟ ਉੱਪਰ ਕੈਨੇਡਾ (ਕੈਲਗਰੀ) ਰਹਿੰਦੇ ਲੜਕੇ,ਉਮਰ 33 ਸਾਲ, ਕੱਦ 5 ਫੁੱਟ 9 ਇੰਚ, ਪੜ੍ਹਾਈ ਲਿਖਾਈ: ਬੀ ਟੈੱਕ ਐਂਡ ਲਾਅ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 1 403 493 1993 ਜਾਂ 91 98 141 22621 ***295***3***

## ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਿਰੀ ਰਹਿੰਦੇ ਪਰਜਾਪਤ ਸਿੱਖ ਪਰਿਵਾਰ ਦੇ ਲੜਕੇ,ਜਨਮ 1996,ਕੱਦ 5 ਫੁੱਟ 6 ਇੰਚ,ਟਰੱਕ ਟਰੇਲਰ ਮਕੈਨਿਕ,ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ ,ਬਿਨਾ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੇ ਹਨ । ਕਾਲ:1 368 338 6512 ***295***3ਫ***

## ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./Whatsapp +1 587 434 0817 ***299***rana*

## ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ, ਜਨਮ ਅਕਤੂਬਰ1988,ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ : MA,B.Ed and Cosmetology (Beauitican ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਅਤੇ ਯੂ ਐਸ ਏ ਸੈਟਲ ਹੈ ਸੰਪਰਕ:778 953 0024 ***294***3*

## ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਤਲਾਕਸ਼ੁਦਾ ( ਕੋਈ ਬੱਚਾ ਨਹੀਂ)ਲੜਕੇ ਉਮਰ 40 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 703 5870 ਜਾਂ 587 889 4509 ***294***3*

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732 ***299**k**

## ਲੜਕੀ ਦੀ ਲੋੜ

ਕੈਲਗਰੀ ਵਰਕ ਪਰਮਿਟ ਉੱਪਰ ਰਹਿੰਦੇ ਰਾਮਗੜੀਆ ਪਰਿਵਾਰ ਦੇ ਲੜਕੇ ਜਨਮ 1997 ਕੱਦ 5 ਫੁੱਟ 7 ਇੰਚ,ਆਟੋਮੋਟਿਵ ਟੈਕਨੀਸ਼ੀਅਨ,ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਕੋਈ ਜਾਤੀ ਬੰਦਨ ਨਹੀਂ । ਸੰਪਰਕ: ਵਟਸਐਪ 1 (647) 685-9457 ***292***3

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ, ਜੱਟ ਸਿੱਖ ਭੱਠਲ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਇੰਜੀਨੀਅਰਿੰਗ ਲਈ ਕਨੇਡੀਅਨ ਪੀ ਆਰ , ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਲੜਕੇ ਕੋਲ ਆਪਣਾ ਘਰ ਹੈ ਅਤੇ ਕੈਲਗਰੀ ਵਿਖੇ ਕਾਰ ਮਕੈਨਿਕ ਦੀ ਜੌਬ ਕਰ ਰਿਹਾ ਹੈ। ਲੜਕੇ ਦੀ ਸਾਰੀ ਫੈਮਿਲੀ ਯੂ ਐਸ ਏ ਅਤੇ ਕਨੇਡਾ ਵਿੱਚ ਪੱਕੇ ਤੌਰ ‘ਤੇ ਸੈਂਟਲ ਹੈ। ਸੰਪਰਕ: 1 825 733 6513 ਜਾਂ 1 778 551 8600, E mail: sbhathal52@gmail.com ***292***3

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗੋਤ ਮੇਸ ਪਰਿਵਾਰ ਦੀ ਲੜਕੀ ਉਮਰ 27 ਸਾਲ,ਕੱਦ 5 ਫੁੱਟ 3 ਇੰਚ, ਪਲੱਸ 2 ਲਈ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਫੋਨ: 1 825 431 3300 ਜਾਂ ਈ ਮੇਲ: Jmanjit61@gmail.com ***292***3

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਇੰਡੀਆ ਰਹਿੰਦੇ ਲੜਕੇ ਉਮਰ 31 ਸਾਲ ਕੱਦ 6 ਫੁੱਟ 1 ਇੰਚ ਆਈ ਟੀ ਆਈ ਪਲੰਬਿੰਗ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਬਾਕੀ ਪਰਿਵਾਰ ਕੈਨੇਡਾ ਵੈਲ ਸੈਟਲਡ ਹੈ । ਸੰਪਰਕ:1778 710 0002 ***292***3

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚਹਿਲ ਪਰਿਵਾਰ ਦੀ ਪਟਿਆਲਾ ਇਲਾਕੇ ਨਾਲ ਸਬੰਧਿਤ ਲੜਕੀ ਜਨਮ 1997,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: B.Tech in Computer Science – Thapar University, Patiala, MBA in Human Resources – Punjabi University, Patiala, PROFESSION: Working as a Senior Software Engineer with the Government of Alberta, earning a six-figure CAD annual income. Owns a house in Canada. Open to settle in India if the right match is found. Father: Retired Additional S.E., PSPCL, Mother: Retired Government School Teacher. Call: WhatsApp: 96460 47457 , Canada: 1 825 889 0220 ***292***

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 ***299*Roop**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਂਟਲ ਹਨ ਜੋ ਕਿ ਲੜਕੇ ਨੂੰ ਸੈਂਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***–***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ (ਵਟਸਐਪ): 1 587 433 9400
ਅਤੇ 1 825 982 1700

## Name Change

I, am Ranbir Singh son of Sukhpal Singh holder of Indian passport P5971010 issued at Chandigarh on 28/12/2016, permanent resident on India village: Manna Pindi, PO: Dhanaula, Barnala, PIN 148105, Punjab, India and presently residing at 137 Lavender Link, Chestermere, Alberta, Canada postal code T1X 0E6. Do hereby change my name from Ranbir Singh to Ranbir Singh Mann with immediate effect.

## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba**
**@403-975-0128**

“ਪੰਜਾਬੀ ਅਖ਼ਬਾਰ” ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

# ਕਲਮੀ ਸੱਥ

## ਸਾਡੇ

ਸਾਡੇ ਲਾਣਿਆਂ ਚੋਂ
ਸਾਡੇ ਟੱਬਰਾਂ ਚੋਂ
ਸਾਡੇ ਗਰਮ ਖ਼ੂਨ ਤੇ ਨਰਮ ਸੁਬਾਹ ਚੋਂ
ਸਾਡੇ ਲੋਹੇ ਪ੍ਰਤੀ ਪਿਆਰ ਚੋਂ
ਸਾਡੇ ਪੀੜੀਆਂ ਤੋਂ ਚੱਲਦੇ ਆਏ ਵੈਰਾਂ ਚੋਂ
ਸਾਡੀਆਂ ਜ਼ੁਬਾਨਾਂ ਦੇ ਮੁੱਲ
ਜਾਨੋਂ ਮਹਿੰਗੇ ਮੂੰਹੋ ਕੱਢੇ ਬਚਨਾ ਚੋਂ
ਆਪਾ ਵੇਚਕੇ ਵੀ ਜਮੀਨ ਸੰਭਾਲਕੇ ਰੱਖਣੇ ਦੇ ਵਿਚਾਰਾਂ ਚੋਂ
ਮਿੱਟੀ ਨਾਲ ਮਿੱਟੀ ਹੋਣੇ ਚੋਂ
ਡੰਗਰ ਪਸ਼ੂਆਂ ਦੇ ਨਾਲ ਮੋਹ ਪਿਆਰ ਚੋਂ
ਟਰੈਕਟਰ ਨੂੰ ਦੇਖਕੇ ਅੱਖਾਂ ਚਮਕਣ ਚੋਂ
ਸਾਡਿਆਂ ਖੇਤਾਂ ਵਿੱਚ ਵਸਣ ਵਾਲੇ ਮੋਹ ਚੋਂ
ਕੁਦਰਤ ਨੂੰ ਮੱਥਾ ਟੇਕਣ ਚੋਂ
ਯਾ ਖੇਤਾਂ ਵਾਲੇ ਬਾਬੇ ਚੋਂ
ਯਾ ਸੱਚੇ ਸੁੱਚੇ ਗੋਗੇ ਪੀਰ ਚੋਂ
ਯਾ ਮਾਈਆਂ ਚੋਂ
ਗੱਲ ਗੱਲ ਤੇ ਸੁੱਖਾਂ ਸੁਖ਼ਨ ਚੋਂ
ਡਰਦੀਆਂ ਮਾਵਾਂ ਦੇ ਨਜ਼ਰ ਉਤਾਰਨ ਚੋਂ
ਜ਼ਾਲਮ ਦੀ ਅੱਖ ਚ ਅੱਖ ਪਾਵਣ ਚੋਂ
ਆਪਣੀ ਪਰਵਾਹ ਨਾ ਕਰਦਿਆ ਸਾਡੇ ਲਈ ਲੜ ਜਾਣ ਵਾਲੇ ਪੁਰਾਣੇ ਖੁੰਡਾਂ ਚੋਂ
ਸਾਡੇ ਬੋਲੀ ਪਹਿਰਾਵੇ ਪ੍ਰਤੀ ਪਿਆਰ ਚੋਂ
ਸਾਡਾ ਸਾਡੀਆਂ ਫ਼ਸਲਾਂ ਵਿੱਚੋਂ ਰੱਬ ਤੱਕਣੇ ਚੋਂ
ਫ਼ਸਲਾਂ ਪੁੱਤਾਂ ਵਾਂਗੂ ਪਾਲਣ ਚੋਂ
ਓਹਨਾ ਦੇ ਸੜ ਜਾਣ ਤੇ ਰੱਬ ਦੇ ਸ਼ੁਕਰ ਮਨਾਉਂਦਿਆਂ ਚੋਂ
ਪਿੰਡ ਦੇ ਮੁੰਡਿਆਂ ਨੂੰ ਬਾਈ ਕਹਿੰਦਿਆਂ ਚੋਂ
ਪਿੰਡ ਦੀਆਂ ਕੁੜੀਆਂ ਨੂੰ ਭੈਣ ਕਹਿੰਦਿਆਂ ਚੋਂ
ਸਾਡੇ ਲਈ ਚਾਵਾਂ ਨਾਲ ਲਏ ਸੋਨੇ ਦੇ ਗਹਿਣੇ ਵੇਚਦੀਆਂ ਮਾਵਾਂ ਚੋਂ
ਸਾਥੋਂ ਜਾਨ ਵਾਰਦੀਆਂ ਸਾਡੀਆਂ ਨਾਨੀਆਂ ਚੋਂ
ਨਿਸ਼ਾਨ ਸਾਹਿਬ ਤੇ ਮੱਥਾ ਟੇਕਦਿਆਂ ਚੋਂ
ਚੜਦੀ ਕਲਾ ਦੇ ਹੋਕੇ ਲਾਉਂਦਿਆਂ ਚੋਂ
ਧਰਨਿਆਂ ਤੇ ਬੈਠੇ ਸੰਤਰੀ ਪਰਨਿਆਂ ਚੋਂ
ਓਹਨਾ ਦੇ ਸਬਰਾਂ ਤੇ ਜੁਰਤਾਂ ਚੋਂ
ਬੁਲੰਦ ਹੌਸਲਿਆਂ ਚੋਂ
ਫ਼ਸਲਾਂ ਦੇ ਹਰ ਇਕ ਦਾਣੇ ਲਈ ਲੜ੍ਹਨ ਮਰਨ ਤੱਕ ਤਿਆਰ ਬੈਠਿਆਂ ਚੋਂ
ਸਾਨੂੰ ਮਿੱਟੀ ਦੇ ਰਾਖਿਆਂ ਚੋਂ
ਹਰ ਆਏ ਗਏ ਲਈ ਚਾਹ ਧਰਨੇ ਚੋਂ
ਸੀਰੀਆਂ ਨੂੰ ਘਰ ਦਾ ਜੀਅ ਸਮਝਦਿਆਂ ਚੋਂ
ਗਵਾਂਢੀਆਂ ਸਿਰ ਘਰ ਛੱਡਕੇ ਜਾਂਦਿਆਂ ਚੋਂ ਲੜਾਈਆਂ ਭੁੱਲ ਦੁੱਖ ਚ ਮੋਢਾ
ਦਿੰਦੇ ਸ਼ਰੀਕੇ ਚੋਂ ਅਣਖਾਂ ਪਾਲਦਿਆਂ ਚੋਂ
ਪੱਗਾਂ ਨੂੰ ਸਿਰ ਤੇ ਤਾਜ ਵਾਂਗੂ ਸਜਾਉਂਦਿਆਂ ਚੋਂ
ਪਹਿਲੀ ਬੇਰੀ ਕਣਕ ਦੀ ਗੁਰੂਘਰ ਟੇਕਦਿਆਂ ਚੋਂ
ਕਾਰਸੇਵਾ ਚ ਵੱਧ ਚੜ੍ਹ ਕੇ ਭੇਟਾਂ ਕਰਦਿਆਂ ਚੋਂ
ਸ਼ਹੀਦੀ ਦਿਹਾੜਿਆਂ ਚ ਸਰਹੰਦ ਜਾਂਦਿਆਂ ਚੋਂ
ਹੀਰਾਂ ਪੜ੍ਹਦੇ ਕਵੀਸਰੀਆਂ ਸੁਣਦਿਆਂ ਚੋਂ
ਬੀਰ ਰੱਸ ਦੀ ਚਰਚਾ ਕਰਦਿਆਂ ਚੋਂ
ਰੱਬ ਦਾ ਜੀਅ ਸਮਝਕੇ ਸਭ ਨੂੰ ਗਲੇ ਨਾਲ ਲਾਉਂਦਿਆਂ ਚੋਂ
ਘੋੜੀਆਂ ਜੀਪਾਂ ਦੇ ਸ਼ੌਕੀਆਂ ਚੋਂ
ਕੁੰਡੀਆਂ ਮੁੱਛਾਂ ਸ਼ੌਕ ਨਾਲ ਰੱਖਦਿਆਂ ਚੋਂ
ਟੱਪੇ, ਮਾਹੀਏ, ਸਿੱਠਣੀਆਂ ਸੁਣਦੇ ਸੁਣਾਉਦਿਆਂ ਚੋਂ
ਭੰਗੜੇ ਗਿੱਧੇ ਨਾਲ ਰੌਣਕਾਂ ਲਾਉਂਦਿਆਂ ਚੋਂ
ਮੇਲਿਆਂ ਚ ਘੋੜੀਆਂ ਨਚਾਉਂਦਿਆਂ ਚੋਂ
ਕਬੂਤਰਾਂ ਦੀਆਂ ਬੋਲੀਆਂ ਲਾਉਂਦਿਆਂ ਚੋਂ
ਸਰੋਂ ਦੇ ਸਾਗ ਨੂੰ ਤੜਕਾ ਲਾਉਂਦਿਆਂ ਚੋਂ
ਦੁੱਧ ਰਿੜਕਕੇ ਮੱਖਣੀਆਂ ਕਢਾਉਂਦਿਆਂ ਚੋਂ
ਗਾਈਆਂ ਮੱਝਾਂ ਦੇ ਦੁੱਧ ਚੌਂਦਿਆਂ ਚੋਂ
ਫੇਰ ਦੇਸੀ ਘਿਓ ਖਾਂਦੇ ਖਵਾਉਂਦਿਆਂ ਚੋਂ
ਮੜਕਾਂ ਰੱਖਕੇ ਅੜੀਆਂ ਪੁਗਾਉਂਦਿਆਂ ਚੋਂ
ਇਕ ਹੱਥ ਕੁੰਡੀ ਨਾਲ ਡੱਬੀਆਂ ਵਾਲੇ ਚਾਦਰੇ ਲਾਉਂਦਿਆਂ ਚੋਂ
ਕਦੇ ਵੱਟਾਂ ਵਾਲੀ ਤੇ ਕਦੇ ਵਲਾਂ ਵਾਲੀਆਂ ਪੱਗਾਂ ਸਿਰਾਂ ਤੇ ਸਜਾਉਂਦਿਆਂ ਚੋਂ
ਕਦੇ ਨਾਭੀ ਕਦੇ ਗੁਲਾਬੀ ਫਿਫਟੀ ਲਾਉਂਦਿਆਂ ਚੋਂ
ਸੁੰਦਰ ਰੁਮਾਲੇ ਗੁਰੂਘਰ ਚੜਾਉਂਦਿਆਂ ਚੋਂ
ਕਹੀਆਂ ਨਾਲ ਨੱਕੇ ਲਾਉਂਦਿਆਂ ਚੋਂ
ਸਬੀਲਾਂ ਲੰਗਰ ਕਦੇ ਮੁਫ਼ਤ ਮੈਡੀਕਲ ਕੈਂਪ ਲਵਾਉਂਦਿਆਂ ਚੋਂ
ਕੰਧਾਂ ਟੱਪ ਜਵਾਨ ਹੋਏ ਹਾਸਿਆਂ ਚੋਂ
ਯਾ ਓਹੀ ਕੰਧਾਂ ਮੂਹਰੇ ਗੱਭਰੂ ਹੋਏ ਹੰਜੂ ਹੱਕਿਆਂ ਚੋਂ
ਸਾਡੇ ਚੜਦੀ ਕਲਾ ਦੇ ਨਾਰਿਆਂ ਚੋਂ
ਸੱਸੀ ਪੁਹੰਚ ਨਾ ਸਕੀ ਜਿਹੜੇ ਕਿਨਾਰਿਆਂ ਚੋਂ
ਕਦੇ ਇਤਿਹਾਸ ਕਦੇ ਵਾਰਾਂ ਚੋਂ
ਮਿਰਜ਼ੇ ਸਾਹਿਬਾਂ ਦੇ ਪਿਆਰਾਂ ਚੋਂ
ਵੱਖ ਹੋਏ ਦੋ ਪੰਜਾਬਾਂ ਦੀਆਂ ਤਾਰਾਂ ਚੋਂ
ਸਾਡਾ ਝਲਕੇ ਪੰਜਾਬ ਨੀ


ਰਵਨੀਤ ਕੌਰ ਔਟਵਾ ਕੈਨੇਡਾ

## ਉਡੀਕ ਨਾ ਕਰਿਓ

"ਓਸ ਸਿੰਘ ਦੇ ਨਾਮ ਜੋ ਸ੍ਰੀ
ਹਰਿਮੰਦਰ ਸਾਹਿਬ ਲਈ ਮੌਤ ਨੂੰ ਹੱਸ
ਹੱਸ ਗਲ ਲਗਾਕੇ,
ਸ਼ਹੀਦ ਦਾ ਦਰਜਾ ਪਾ ਗਏ"
ਅੱਜ ਦਾ ਗਿਆ ਸ਼ਾਇਦ ਕਦੀ ਨਾ
ਹੀ ਮੁੜਾਂ, ਮਾਏ ਤੇਰਾ ਪੁੱਤ ਕੁਝ ਕ
ਦਿਨਾਂ ਦਾ ਹੀ ਮਹਿਮਾਨ ਹੈ ਇਸ
ਧਰਤੀ ਤੇ ਰੋਕੀਂ ਨਾ ਮੈਨੂੰ, ਜਾਣ ਦੇ
ਕਿਉਂਕਿ ਇਹ ਜ਼ਿੰਦਗੀ ਵੀ ਮਰਿਆਂ
ਦੇ ਬਰਾਬਰ ਹੈ ਇਹਨਾਂ ਦੀ ਗੁਲਾਮੀ
ਕਰਨ ਨਾਲੋਂ ਮੈਂ ਓਸ ਮੈਦਾਨ ਚ
ਸ਼ਹੀਦ ਹੋਇਆ ਚੰਗਾ
ਬੰਨ ਦਸਤਾਰ ਮੇਰੇ ਸਿਰ ਤੇ ਜੇ ਚਿੱਤ
ਕਰਦਾ ਏ ਤਾਂ ਸਿਹਰਾ ਵੀ ਬੰਨ ਚਾਹੇ
ਪਾਣੀ ਵਾਰਕੇ ਪੀ ਲੈ ਚਾਹੇ ਵੱਟਣਾ
ਵੀ ਲਗਾ ਦੇ ਮੇਰੇ ਮਿੱਟੀ ਤਨ ਤੇ
ਮੁਆਫ਼ ਕਰੀ ਇਸ ਜਨਮੇ ਸਾਥ ਤੇਰਾ
ਮੇਰਾ ਐਨਾ ਹੀ ਸੀ ਇਸਤੋਂ ਜਿਆਦਾ
ਪੁੱਤ ਦਾ ਫਰਜ਼ ਨਿਭਾਉਣ ਲਈ ਸਮਾਂ
ਮੈਨੂੰ ਪ੍ਰਵਾਨਗੀ ਨਹੀਂ ਦਿੰਦਾ ਆਪਾਂ
ਫੇਰ ਮਿਲਾਂਗੇ ਉਹਨਾਂ ਅੰਬਰਾਂ ਦੇ ਪਾਰ
ਮਿਲਾਂਗਾ ਤੈਨੂੰ ਅਕਾਲ ਦੀ ਪੂਜਾ
ਕਰਦਾ ਤੱਕ ਲੈ ਜੀ ਭਰਕੇ ਮੈਨੂੰ ਪਰ
ਪਰਿਵਾਰ ਨੂੰ ਕਹਿਦਿਓ
"ਮੇਰੀ ਉਡੀਕ ਨਾ ਕਰਿਓ"
**ਰਵਨੀਤ ਕੌਰ ਔਟਵਾ ਕੈਨੇਡਾ**


## ਚਿੱਤ ਕਰਦੈ

ਚਿੱਤ ਕਰਦੈ ਥੰਮ ਜਾਵਾਂ
ਕਿਸੇ ਪੁਰਾਣੇ ਦਰਖ਼ਤ ਵਾਂਗ
ਜੋ ਕੇਵਲ ਆਉਂਦੇ ਜਾਂਦੇ ਰਾਹੀਆਂ ਨੂੰ
ਵੇਖ ਰਿਹਾ ਏ
ਚਿੱਤ ਕਰਦੈ
ਥੰਮ ਜਾਵਾਂ
ਓਸ ਪਾਣੀ ਵਾਂਗ
ਜੋ ਤਾਪਮਾਨ ਘਟਣ ਤੇ ਖੜਾ ਖੜਾ ਜੰਮ
ਜਾਂਦਾ ਹੈ
ਚਿੱਤ ਕਰਦੈ
ਥੰਮ ਜਾਵਾਂ
ਓਸ ਸਮੇਂ ਵਾਂਗ
ਜੋ ਕਿਸੇ ਦੀ ਉਡੀਕ ਵਿੱਚ ਲੰਘਦਾ ਹੀ
ਨਹੀਂ
ਚਿੱਤ ਕਰਦੈ
ਥੰਮ ਜਾਵਾਂ
ਓਸ ਮਾਸੂਮੀਅਤ ਵਾਂਗ
ਜੋ ਬਚਪਨ ਵਿੱਚ ਹੀ ਰਹਿ ਗਈ
ਚਿੱਤ ਕਰਦੇ
ਥੰਮ ਜਾਵਾਂ
ਓਸ ਸਾਧ ਵਾਂਗ
ਜੋ ਦੁਨਿਆਵੀ ਮੋਹ ਮਾਇਆ ਤੋਂ ਦੂਰ
ਹੋਕੇ ਬਸ ਗਿਆ ਕਿਸੇ ਜੰਗਲ ਵਿੱਚ
ਚਿੱਤ ਕਰਦੈ
ਥੰਮ ਜਾਵਾਂ
ਮੁਰਝਾਏ ਫੁੱਲ ਵਾਂਗ
ਜੋ ਮੁੜਕੇ ਖਿੜਨਾ ਹੀ ਨਹੀਂ
ਚਿੱਤ ਕਰਦੈ
ਥੰਮ ਜਾਵਾਂ
ਓਸ ਸਬਰ ਵਾਂਗ
ਜੋ ਮੁੜਕੇ ਟੁੱਟਣਾ ਹੀ ਨਹੀਂ
ਚਿੱਤ ਕਰਦੈ
ਥੰਮ ਜਾਵਾਂ
ਓਸ ਸੁਪਨੇ ਵਾਂਗ
ਜੋ ਮੁੜਕੇ ਆਉਣਾ ਹੀ ਨਹੀਂ
ਚਿੱਤ ਕਰਦੈ
ਥੰਮ ਜਾਵਾਂ
ਓਸ ਹੰਜੂ ਵਾਂਗ
ਜੋ ਜਵਾਨੀ ਚ ਕਦੇ ਡੁੱਲਣਾ ਹੀ ਨਹੀਂ
**ਰਵਨੀਤ ਕੌਰ ਔਟਵਾ ਕੈਨੇਡਾ**

## ਚੁੱਪ

ਅੰਤਾਂ ਦਾ ਸ਼ੋਰ ਹੈ ਮਨ ਅੰਦਰ, ਦੋ ਵਿਚਾਰ ਆਪਸ ਵਿੱਚ ਲੜ ਰਹੇ ਨੇ
ਤਰਕ ਵੀ ਦੋਹੇ ਵਿਚਾਰਾਂ ਵਾਲੇ ਸਹੀ ਨੇ
ਅਜੀਬ ਜਿਹੇ ਸਵਾਲ ਵੀ ਜਵਾਬ ਮੰਗ ਰਹੇ ਨੇ
ਜਾਂ ਇੰਝ ਕਹਿ ਲਓ ਦੋ ਅਣਜਾਣ ਵਕੀਲ
ਆਪਣੀ ਵਕਾਲਤ ਕਰ ਰਹੇ ਨੇ
ਉਦਾਹਰਨਾ ਵੀ ਅਤੀਤ ਤੋਂ ਦਿੱਤੀਆਂ ਜਾ ਰਹੀਆਂ ਨੇ
ਸਿਆਣਿਆਂ ਵੱਲੋਂ ਕਹੀਆਂ ਗੱਲਾਂ ਵੀ ਚੇਤੇ ਚ ਘਰ ਪਾ ਕੇ ਬੈਠੀਆਂ ਨੇ
ਜਾਂ ਇੰਝ ਮੰਨ ਲਓ ਦੋ ਚੋਟੀ ਦੇ ਪਹਿਲਵਾਨ
ਦਿਮਾਗ ਰੂਪੀ ਅਖਾੜੇ ਵਿੱਚ ਘੋਲ ਕਰ ਰਹੇ ਨੇ
ਤੁਸੀਂ ਇੱਕ ਦਰਸ਼ਕ ਵਜੋਂ ਬੈਠੇ ਆਨੰਦ ਮਾਣ ਰਹੇ ਹੋਵੋ
ਜਾਂ ਇੱਕ ਜੱਜ ਵਾਂਗ ਬੈਠੇ ਫ਼ੈਸਲਾ ਕਰ ਰਹੇ ਹੋ
ਵਿਚਾਰਾਂ ਚ ਉਲਝੀ ਨੂੰ ਕਿਸੇ ਦੇ ਪੈਰਾਂ ਦੀ ਆਵਾਜ਼ ਨਹੀਂ ਸੁਣਦੀ
ਤੇ ਆਪਣੇ ਵੱਲ ਵੱਧਦੇ ਹੱਥ ਮਹਿਸੂਸ ਨਹੀਂ ਹੁੰਦੇ ਬਸ ਸੁਣਦਾ ਹੈ
ਤਾਂ ਇੱਕ ਸਵਾਲ
ਜਿਹੜਾ ਜਿੱਤੂ ਉਹਦੀ ਸਲਾਹ ਨਾਲ ਹੀ ਚੱਲਣਾ ਪੈਣਾ
"ਕੀ ਹੋ ਗਿਆ ਇਹਨੇ ਚੁੱਪ ਕਿਉਂ ਬੈਠੀ ਏਂ ? "
**ਰਵਨੀਤ ਕੌਰ ਔਟਵਾ ਕੈਨੇਡਾ**

## ਮਾਏ ਪੀਹੜੀ ਬੈਠੀਏ ਨੀ



ਮਾਏ ਪੀਹੜੀ ਬੈਠੀਏ ਨੀ
ਧੀਆਂ ਕਿਉਂ ਦਿੱਤੀਆਂ ਦੂਰ, ਸਾਵਣ ਆਇਆ।

ਬਾਬਲ ਕੁਰਸੀ ਬੈਠਿਆ ਵੇ
ਧੀਆਂ ਕਿਉਂ ਦਿੱਤੀਆਂ ਦੂਰ, ਸਾਵਣ ਆਇਆ।

ਸੁਣ ਵੇ ਵੀਰਾ ਰਾਜਿਆ
ਭੈਣਾਂ ਕਿਉਂ ਦਿੱਤੀਆਂ ਦੂਰ, ਸਾਵਣ ਆਇਆ।

ਪੰਜ ਸੇਰ ਪਿੰਨੀਆਂ ਪਾ ਕੇ, ਮਾਏ ਮੇਰੀਏ
ਵੀਰ ਮੇਰੇ ਨੂੰ ਭੇਜ, ਸਾਵਣ ਆਇਆ।

ਉੱਚੜੇ ਉੱਚੜੇ ਚੌਂਤੜੇ ਚੜ੍ਹ
ਖੜੀ ਉਡੀਕਾਂ ਰਾਹ, ਸਾਵਣ ਆਇਆ।

ਕੋਠੇ ਤਾਂ ਚੜ੍ਹ ਕੇ ਕੂਕਦੀ
ਵੇ ਨੀਵੇਂ ਥਾਂ ਖੜਕੇ ਰੋਂਦੀ
ਵੇ ਕਿਤੇ ਦਿਸ ਨਾ ਆਉਂਦਾ
ਬਾਬਲ ਤੇਰਾ ਦੇਸ, ਸਾਵਣ ਆਇਆ।

ਕੋਠੇ ਤਾਂ ਚੜ੍ਹ ਕੇ ਵੇਖਦੀ
ਨੀ ਮੇਰੀਏ ਰਾਣੀਏਂ ਮਾਂ
ਕੋਈ ਭੌਂ ਵਿੱਚ ਆਉਂਦਾ ਦੂਰ, ਸਾਵਣ ਆਇਆ।

ਆਉਂਦਾ ਨੀ ਮਾਏ ਆਉਂਦਾ
ਕੋਈ ਵੀਰ ਚੜ੍ਹਿਆ ਸਰਦਾਰ
ਕਿੱਥੇ ਤਾਂ ਰੱਖਾਂ ਗੱਠੜੀ ਨੀ ਰਾਣੀਏਂ ਮਾਂ
ਕਿੱਥੇ ਉਤਾਰਾਂ ਵੀਰ, ਸਾਵਣ ਆਇਆ।

ਕਿੱਲੀ ਤਾਂ ਟੰਗਾਂ ਗੱਠੜੀ ਮੇਰੀਏ ਰਾਣੀਏਂ ਮਾਂ
ਕੋਈ ਮਹਿਲੀਂ ਉਤਾਰਾਂ ਵੀਰ, ਸਾਵਣ ਆਇਆ।

ਹੱਸ ਹੱਸ ਖੋਲ੍ਹਾਂ ਗੱਠੜੀ ਮੇਰੀ ਰਾਣੀਏਂ ਮਾਂ
ਕੋਈ ਰੋ ਰੋ ਪੁਛਦੀ ਬਾਤ, ਸਾਵਣ ਆਇਆ।

ਤੇਜਵਿੰਦਰ ਸਿੰਘ




# ਹੋਇਆ ਕੀ ਜੇ ਧੀ ਜੰਮ ਪਈ


ਅਲਬੇਲ ਬਰਾੜ

1985 ਤੋਂ ਬਾਅਦ ਕੁਲਦੀਪ ਮਾਣਕ ਆਪਣੀਆਂ ਸਟੇਜਾਂ ਤੇ ਚੋਣਵੇਂ ਜੋ ਗੀਤ ਗਾਉਂਦੇ ਸਨ। ਉਹ ਗੀਤ ਜੋ ਉਹਨਾਂ ਦੇ ਮੂੰਹ ਜ਼ੁਬਾਨੀ ਯਾਦ ਸਨ ਤੇ ਆਖ਼ਰ ਤੱਕ ਮੂੰਹ ਜ਼ੁਬਾਨੀ ਹੀ ਯਾਦ ਰਹੇ। ਉਹਨਾਂ ਗੀਤਾਂ ਵਿੱਚੋਂ

**ਹੋਇਆ ਕੀ ਜੇ ਧੀ ਜੰਮ ਪਈ,**
**ਚਲੋ ਕੁੱਖ ਤਾਂ ਸੁਲੱਖਣੀ ਹੋਈ**
**ਧੀ ਵੀ ਤਾਂ ਦਾਤ ਰੱਬ ਦੀ,**
**ਭੈੜੀ ਦੁਨੀਆਂ ਕਰੇ ਬਦਖੋਈ**
**ਹੋਇਆ ਕੀ ਜੇ ਧੀ ਜੰਮ ਪਈ**

ਘਰ ਘਰ ਦੀ ਸ਼ੋਭਾ ਬਣਿਆ, ਇਹ ਗੀਤ ਮਾਣਕ ਦੀ ਹਰ ਸਟੇਜ਼ ਦਾ ਸ਼ਿੰਗਾਰ ਬਣਿਆ, ਹੱਟੀਆਂ ਭੱਠੀਆਂ ਸੱਥ ਦਰਵਾਜ਼ੇ ਇਸ ਗੀਤ ਦੀ ਚਰਚਾ ਹੋਈ। ਇਸ ਗੀਤ ਦੇ ਗੀਤਕਾਰ ਦਾ ਨਾਮ ਹੈ Albel Brar ਅਲਬੇਲ ਬਰਾੜ। ਬਰਾੜਾਂ ਦੇ ਘਰ ਇਹ ਮੁੰਡਾ ਬਠਿੰਡੇ ਤੋਂ ਮੁਕਤਸਰ ਸਾਹਿਬ ਨੂੰ ਜਾਂਦਿਆਂ ਬਠਿੰਡੇ ਤੋਂ ਬਾਰਾਂ ਕਿਲੋਮੀਟਰ ਦੂਰ ਪਿੰਡ ਦਿਉਣ ਵਿਖੇ ਜਨਮਿਆਂ। ਪਿੰਡ 'ਚ ਵਜਦੇ ਸਪੀਕਰਾਂ ਵਾਲੇ ਪੰਜਾਬੀ ਗੀਤਾਂ ਨੇ ਅਲਬੇਲ ਨੂੰ ਆਪਣਾ ਬਣਾ ਲਿਆ। ਖਾਸਕਰ ਮਾਣਕ ਦੇ ਗੀਤਾਂ ਦਾ ਉਹ ਸ਼ੈਦਾਈ ਹੋ ਗਿਆ

1985 ਵਿੱਚ ਕੇ.ਆਰ.ਸੀ. ਕੰਪਨੀ ਲੁਧਿਆਣਾ ਨੇ ਮਾਣਕ ਦਾ ਥਾਲੀ ਜਿੱਡਾ ਐਲ. ਪੀ. ਰਿਕਾਰਡ ਬਣਾਇਆ। ਜਿਸਦਾ ਟਾਈਟਲ ਸੀ

**#"ਛੱਡੀਏ ਨਾ ਵੈਰੀ ਨੂੰ"**

ਸੁੱਚੇ ਸੂਰਮੇ ਦੀ ਲੋਕ ਗਾਥਾ ਤੇ ਅਧਾਰਿਤ ਇਹ ਗੀਤ ਅਲਬੇਲ ਬਰਾੜ ਦਾ ਲਿਖਿਆ ਸੀ ਜੋ ਉਸ ਐਲ ਪੀ ਰਿਕਾਰਡ ਦਾ ਟਾਈਟਲ ਬਣਿਆਂ ਤੇ ਬਹੁਤ ਪ੍ਰਚਲਿਤ ਹੋਇਆ। ਇਹ ਅਲਬੇਲ ਬਰਾੜ ਦਾ ਪਹਿਲਾ ਰਿਕਾਰਡ ਹੋਇਆ ਗੀਤ ਸੀ। ਇਸਤੋਂ ਬਾਅਦ

#ਸੋਹਣਿਆਂ ਖ਼ੁਦਾ ਤੋਂ ਤੇਰੀ ਖ਼ੈਰ ਮੰਗਦੀ
#ਨਖਰੇ ਬਿਨ ਸੋਹਣੀ ਤੀਵੀਂ ਭੋਰਾ ਵੀ ਜੱਚਦੀ ਨਾ
#ਤੈਨੂੰ ਤੱਕਣਾ ਵੀ ਨਹੀਂ

ਸਮੇਤ ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਬਰਾੜ ਦੇ ਕਾਫੀ ਗੀਤ ਰਿਕਾਰਡ ਹੋਏ

#ਦੇਖੀ ਜਾਹ ਛੇੜੀਂ ਨਾਂ Amrita Virk
#ਬਠਿੰਡੇ ਵਾਲੀ ਰੇਲ Jaswinder Brar
#ਸਾਲੀ ਨਾਲ ਦੱਸ ਕੀ ਬੰਦੂਕ ਚੱਲੀ ਐ suchet Bala
#ਨਿੱਕਲੀ ਸਰੋਂ ਦਾ ਫੁੱਲ ਬਣਕੇ Roshan Prince
#ਫੇਰ ਨੀ ਐਹੋ ਜੇ ਬੰਦੇ ਫੋਨਚੱਕਦੇ Harinder Sandhu

ਸਮੇਤ ਜੈਜ਼ੀ ਬੈਂਸ, ਸ਼ੰਕਰ ਸਾਹਨੀ ਅਤੇ ਹੋਰਨਾਂ ਗਾਇਕਾਂ ਨੇ ਵੀ ਬਰਾੜ ਦੇ ਬਹੁਤ ਗੀਤ ਰਿਕਾਰਡ ਕਰਵਾਏ। ਜਦੋਂ ਮਾਲਵੇ ਦੇ ਸਿਰਮੌਰ ਗਾਇਕ ਬਲਕਾਰ ਸਿੱਧੂ ਦੀ ਆਵਾਜ਼ ਵਿੱਚ ਬਰਾੜ ਦਾ ਗੀਤ "ਲਾੜਾ ਆਪਣੇ ਵਿਆਹ ਦੇ ਵਿੱਚ ਨੱਚਦਾ ਫਿਰੇ" ਆਇਆ ਤਾਂ ਇਹ ਗੀਤ ਹਰ ਪੰਜਾਬੀ ਵਿਆਹ ਦਾ ਸ਼ਿੰਗਾਰ ਬਣਿਆ ਬਰਾੜ ਮੇਰਾ ਬੜਾ ਪੁਰਾਣਾ ਮਿੱਤਰ ਐ, ਅੱਜਕਲ੍ਹ ਉਹ ਪੰਜਾਬ ਰਾਜ ਬਿਜਲੀ ਬੋਰਡ ਤੋਂ ਰਿਟਾਇਰ ਹੋਕੇ ਆਪਣੇ ਪ੍ਰੀਵਾਰ ਨਾਲ ਬਠਿੰਡੇ ਖੁਸ਼ੀਆਂ ਭਰਿਆ ਜੀਵਨ ਬਤੀਤ ਕਰ ਰਿਹਾ ਹੈ ।

# ਇਹ ਜੋ ਸਿੱਲ੍ਹੀ ਸਿੱਲ੍ਹੀ ਆਉਂਦੀ ਏ ਹਵਾ

ਜੇਕਰ ਪੰਜਾਬ ਦੇ ਸਿਰਮੌਰ ਗਾਇਕ ਜਨਾਬ ਹੰਸ ਰਾਜ ਹੰਸ ਦੇ ਉਹਨਾਂ ਚੋਣਵੇਂ ਗੀਤਾਂ ਦਾ ਜ਼ਿਕਰ ਕਰਨਾ ਹੋਵੇ ਜੋ ਪੰਜਾਬੀਆਂ ਵਿੱਚ ਬਹੁਤ ਜ਼ਿਆਦਾ ਮਕਬੂਲ ਹੋਏ ਤਾਂ ਪੋਟਿਆਂ ਤੇ ਗਿਣੇ ਜਾਣ ਵਾਲੇ ਜੇ ਪਹਿਲੇ ਪੰਜ ਗੀਤਾਂ ਦੀ ਸੂਚੀ ਬਣਾਈਏ ਤਾਂ

**ਮੇਰੇ ਨੈਣਾਂ ਵਿੱਚ ਦੇਖ ਤੇ ਤੂੰ ਗੱਲ ਬੁੱਝ ਲੈ**
**ਸਾਰੇ ਉਲਝੇ ਸੁਆਲਾਂ ਦੇ ਵੀ ਹੱਲ ਬੁੱਝ ਲੈ**
**ਤੂੰਹੀਓਂ ਸੋਚ ਜ਼ਰਾ ਸੋਚ ਕੇ ਮੈਂ ਕਿਉਂ ਨੀ ਹੱਸਿਆ**
**ਦੁੱਖ ਬੋਲ ਕੇ ਜੇ ਦੱਸਿਆ ਤਾਂ ਕੀ ਦੱਸਿਆ**
**ਜੱਗ ਜਦੋਂ ਰੰਗਦਾ ਏ ਅੰਬਰਾਂ ਦੇ ਮੁੱਖ ਨੂੰ**
**ਮੈਂ ਬੈਠਾ ਧਰਤੀ ਤੇ ਲੀਕਾਂ ਜਹੀਆਂ ਵਾਹੁੰਦਾ ਹਾਂ**
**ਮੇਲਿਆਂ 'ਚ ਮਹਿਫਲਾਂ 'ਚ ਸ਼ਗਨਾਂ 'ਚ ਜਾਕੇ**
**ਮੈਂ ਹੀ ਤਨਹਾਈਆਂ ਦੇ ਕਿਉਂ ਜਸ਼ਨ ਮਨਾਉਂਦਾ ਹਾਂ**
**ਕਿਉਂ ਉਦਾਸ ਜਿਹਾ ਪਿੰਡ ਮੇਰੇ ਮਨ ਵੱਸਿਆ**
**ਦੁੱਖ ਬੋਲ ਕੇ ਜੇ ਦੱਸਿਆ ਤਾਂ ਕੀ ਦੱਸਿਆ**

ਇਸ ਗੀਤ ਵਿੱਚ ਸ਼ਾਇਰ ਦੇ ਮਨ ਦੀ ਉਡਾਰੀ ਦੇਖੋ। ਗੀਤ ਦਾ ਮੀਟਰ ਵੇਖੋ। ਇਸ ਗੀਤ ਦੇ ਗੀਤਕਾਰ ਹਨ ਅਮਰਦੀਪ ਗਿੱਲ। ਹੰਸ ਰਾਜ ਦੀ ਆਵਾਜ਼ ਵਿੱਚ ਅਮਰਦੀਪ ਦਾ ਇਕ ਹੋਰ ਡਾਇਮੰਡ ਗੀਤ ਜਿਸ ਵਿੱਚ ਵਰਤੇ ਅਲੰਕਾਰ ਅੱਖਾਂ ਮੀਟ ਕੇ ਦ੍ਰਿਸ਼ਮਾਨ ਹੁੰਦੇ ਨੇ

**ਇਹ ਜੋ ਸਿੱਲ੍ਹੀ ਸਿੱਲ੍ਹੀ ਆਉਂਦੀ ਏ ਹਵਾ**
**ਕਿਤੇ ਕੋਈ ਰੋਂਦਾ ਹੋਵੇਗਾ**
**ਯਾਦਾਂ ਮੇਰੇ ਵਾਂਗੂੰ ਸੀਨੇ ਨਾਲ ਲਾ**
**ਕਿਤੇ ਕੋਈ ਰੋਂਦਾ ਹੋਵੇਗਾ**
**ਬਿਨਾਂ ਬੱਦਲਾਂ ਤੋਂ ਹੋਈ ਜਾਵੇ ਬਰਸਾਤ ਹੋ**
**ਚੰਨ ਨੂੰ ਨਿਚੋੜੀ ਜਾਵੇ ਕੋਠੇ ਚੜ੍ਹੀ ਰਾਤ ਜੋ**
**ਪੱਲਾ ਚੰਨ ਦਾ ਵੀ ਭਿੱਜ ਜੋ ਗਿਆ**
**ਕਿਤੇ ਕੋਈ ਰੋਂਦਾ ਹੋਵੇਗਾ**
**ਇਸੇ ਤਰ੍ਹਾਂ ਹੰਸ ਰਾਜ ਦੀ ਆਵਾਜ਼ ਵਿੱਚ**
**ਕੁੜੀਆਂ ਤਾਂ ਕੁੜੀਆਂ ਨੇ**

ਇਹ ਪੰਜਾਬ ਵੀ ਮੇਰਾ ਏ, ਉਹ ਪੰਜਾਬ ਵੀ ਮੇਰਾ ਏ ਪੰਜਾਬ ਦੇ ਇਕ ਹੋਰ ਚਰਚਿਤ ਗਾਇਕ ਅਮਰਿੰਦਰ ਗਿੱਲ ਦੀ ਆਵਾਜ਼ ਵਿੱਚ ਅਮਰਦੀਪ ਗਿੱਲ ਦਾ ਗੀਤ

**ਕੋਈ ਤਾਂ ਪੈਗ਼ਾਮ ਲਿਖੇ, ਕਦੇ ਮੇਰੇ ਨਾਮ ਲਿਖੇ**
**ਕਿੰਝ ਲੱਗਦਾ ਏ ਮੇਰੇ ਬਿਨਾਂ ਰਹਿਣਾ ਓਸ ਨੂੰ**
**ਜੇ ਮਿਲੇ ਉਹ ਕੁੜੀ ਤਾਂ ਕਦੇ ਕਹਿਣਾ ਓਸ ਨੂੰ**

ਅਮਰਦੀਪ ਗਿੱਲ ਦਾ ਪਿੰਡ ਘੋਲੀਆ ਕਲਾਂ ਹੈ। ਅਮਰਦੀਪ ਦਾ ਪਿਛੋਕੜ ਲੋਕ ਪੱਖੀ ਘੋਲਾਂ ਦਾ ਹੈ। ਉਹ ਕਮਿਉਨਿਸਟ ਪ੍ਰੀਵਾਰ ਵਿੱਚੋਂ ਹੈ। ਉਹ ਕਮਿਊਨਿਸਟ ਲਹਿਰ ਦੇ ਸਤਿਕਾਰਤ ਆਗੂ ਕਾਮਰੇਡ ਸੁਰਜੀਤ ਸਿੰਘ ਗਿੱਲ ਦਾ ਬੇਟਾ ਐ। ਪਰ ਉਹ ਰਹਿੰਦਾ ਬਠਿੰਡੇ ਹੀ ਐ। ਪਿਛਲੇ ਸਮੇਂ ਵਿੱਚ ਬਠਿੰਡਾ ਪੰਜਾਬੀ ਗਾਇਕੀ ਦੀ ਰਾਜਧਾਨੀ ਰਹੀ। ਬਠਿੰਡੇ ਦੇ ਲੱਗਭਗ ਸਾਰੇ ਗਾਇਕਾਂ ਨੇ ਅਮਰਦੀਪ ਗਿੱਲ ਦੇ ਗੀਤ ਗਾਏ। ਇਕ ਅਸਲੋਂ ਨਵੀਂ ਕੁੜੀ ਦੀ ਆਵਾਜ਼ ਵਿੱਚ ਅਮਰਦੀਪ ਦਾ ਗੀਤ ਤੇ ਇਸ ਗੀਤ ਵਿੱਚ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਦੇਖੋ

**ਬੁੱਲ੍ਹ ਨਾ ਗੁਲਾਬੀ ਰਹੇ ਨੈਣ ਨਾ ਸ਼ਰਾਬੀ ਰਹੇ**
**ਰੁਲ ਗਿਆ ਹਾਰ ਤੇ ਸ਼ਿੰਗਾਰ**
**ਐਸੀ ਪਈ ਇਸ਼ਕੇ ਦੀ ਮਾਰ ਸਾਨੂੰ ਵੈਰੀਆ ਦੇ**
**ਐਸੀ ਪਈ ਇਸ਼ਕੇ ਦੀ ਮਾਰ**
**ਕੱਚੀ ਜੀ ਉਮਰ ਵਿੱਚ ਕੱਚ ਦਾ ਸ਼ਰੀਰ ਲੈਕੇ**
**ਕਾਹਤੋਂ ਗਈ ਪੱਥਰਾਂ ਦੇ ਸ਼ਹਿਰ ਮੈਂ**
**ਤਪਦਿਆਂ ਥਲਾਂ ਵਿੱਚ ਮੋਮ ਦੇ ਵੇ ਲੀੜੇ ਪਾਕੇ**
**ਕੱਟੀ ਕਾਹਤੋਂ ਸਿਖਰ ਦੁਪਹਿਰ ਮੈਂ**
**ਖਾਬ ਚੂਰੋ ਚੂਰ ਹੋਏ, ਦਿਲ 'ਚ ਨਸੂਰ ਹੋਏ**
**ਜਿੱਤੀ ਹੋਈ ਬਾਜ਼ੀ ਗਏ ਹਾਰ**
**ਐਸੀ ਪਈ ਇਸ਼ਕੇ ਦੀ ਮਾਰ ਸਾਨੂੰ ਵੈਰੀਆ ਦੇ**
**ਐਸੀ ਪਈ ਇਸ਼ਕੇ ਦੀ ਮਾਰ**

ਇਹ ਤਾਂ ਅਮਰਦੀਪ ਗਿੱਲ ਦੀ ਗੀਤਕਾਰੀ ਦਾ ਮਹਿਜ਼ ਨਮੂਨਾ ਐ। ਅਮਰਦੀਪ ਦੇ ਗੀਤ ਵਾਘਿਓਂ ਪਾਰ ਦੇ ਕਲਾਕਾਰਾਂ ਨੇ ਵੀ ਰੱਜਕੇ ਗਾਏ ਰਿਕਾਰਡ ਕਰਵਾਏ।ਅਮਰਦੀਪ ਪਾਏਦਾਰ ਗੀਤਾਂ ਦਾ ਗੀਤਕਾਰ ਐ ਕਮਾਲ ਦੀ ਕਵਿਤਾ ਵੀ ਲਿਖਦੈ ਆਪਣੇ ਕੰਮ ਪ੍ਰਤੀ ਅੜੀਅਲ ਐ ਕੰਮ ਪ੍ਰਤੀ ਕੋਈ ਸਮਝੌਤਾ ਨਹੀਂ। ਅਮਰਦੀਪ ਜੰਗਾੜੀ ਨਹੀਂ ਜਿੰਦੀ ਐ। ਸੰਗੀਤ ਦੇ ਇਸ ਮਹਿੰਗੇ ਬਾਜ਼ਾਰ ਵਿੱਚ ਅਮਰਦੀਪ ਨੇ ਪੈਸਾ ਨਹੀਂ ਕਮਾਇਆ ਹੁਣ ਉਹਦਾ ਰੁਝਾਨ ਫਿਲਮਾਂ ਵੱਲ ਹੈ। ਉਸਨੇ ਕੁੱਝ ਫਿਲਮਾਂ ਲਿਖੀਆਂ ਵੀ ਨਿਰਦੇਸ਼ਨਾ ਵੀ ਕੀਤੀ। ਪਰ ਮੇਰੀ ਫਿਲਮਾਂ ਵਿੱਚ ਰੁੱਚੀ ਨਾਂ ਹੋਣ ਕਰਕੇ ਫਿਲਮਾਂ ਦੀ ਗੱਲ ਨਹੀਂ ਕਰਾਂਗਾ । ਫ਼ਿਲਮਾਂ ਕਰਕੇ ਸ਼ਾਇਦ ਅੱਜਕਲ੍ਹ ਉਸਦਾ ਟਿਕਾਣਾ ਮੁਹਾਲੀ ਐ। ਪਰ ਮੈਨੂੰ ਮੇਰੇ ਛੋਟੇ ਵੀਰ ਤੇ ਅੰਤਾਂ ਦਾ ਮਾਣ ਐ। ਜੇ ਮੈਂ ਅਮਰਦੀਪ ਦੀ ਸ਼ਾਇਰੀ ਦੀ ਗੱਲ ਕਰਨੀ ਹੋਵੇ ਤਾਂ ਸਾਰੀ ਰਾਤ ਉਸਦੀਆਂ ਕਵਿਤਾਵਾਂ ਮੂੰਹ ਜ਼ੁਬਾਨੀ ਪੜ੍ਹ ਸਕਦਾ ਹਾਂ


ਅਮਰਦੀਪ ਗਿੱਲ

ਡਾਇਰੀ ਦਾ ਪੰਨਾ


ਨਿੰਦਰ ਘੁਗਿਆਣਵੀ
9417421700

# ਮਮਤਾ ਦੀ ਮੂਰਤ ਮਾਵਾਂ



ਚਲੰਤ ਮਾਮਲਿਆਂ ਉਤੇ ਤਿੱਖੀ ਤੇਜ ਨਿਗ੍ਹਾ ਰੱਖਣ ਵਾਲੇ ਜਾਣੇ ਮਾਣੇ ਪੱਤਰਕਾਰ ਇੰਦਰਪ੍ਰੀਤ ਸਿੰਘ ਨੂੰ ਮੈਂ ਚੰਡੀਗੜ੍ਹ ਰਹਿੰਦਿਆਂ ਥੋੜਾ ਬਹੁਤਾ ਈ ਮਿਲ ਗਿਲ ਸਕਿਆ ਸਾਂ, ਕਦੇ ਕਿਸੇ ਸੈਮੀਨਾਰ ਸਮੇਂ ਕਲਾ ਭਵਨ ਤੇ ਇੱਕ ਅੱਧ-ਵਾਰ ਪੰਜਾਬ ਵਿਧਾਨ ਸਭਾ ਵਿੱਚ। ਉਹਦਾ ਨਿਮਰ ਤੇ ਹਲੀਮ ਹੋਣਾ ਚੰਗਾ ਚੰਗਾ ਲੱਗਿਆ ਸੀ। ਫਿਰ ਉਹਨੂੰ ਆਪਣੇ ਪੁਰਾਣੇ ਆੜੀ ਹਰਜਿੰਦਰ ਰੰਧਾਵੇ ਦੇ 'ਪੰਜਾਬ ਟੈਲੀਵੀਜ਼ਨ' ਉਤੇ ਨਿੱਤ ਵਾਂਗ ਮਿਲਣ ਲੱਗਿਆ। ਉਹਦੀ ਪੰਜਾਬ ਦੇ ਨਿੱਕੇ ਵੱਡੇ ਮਾਮਲਿਆਂ ਤੋਂ ਲੈਕੇ ਦੇਸ਼ ਦੇਸ਼ਾਂਤਰ ਦੇ ਮੁੱਦਿਆਂ ਉਤੇ ਪਕੜ ਤੇ ਪਹੁੰਚ ਤੋਂ ਹੈਰਾਨ ਹੁੰਦਾ ਰਿਹਾ ਸੁਣ ਸੁਣ ਕੇ।

ਪਿਛਲੇ ਦਿਨੀਂ ਖਬਰ ਆਈ ਕਿ ਇੰਦਰਪ੍ਰੀਤ ਸਿੰਘ 'ਪੰਜਾਬੀ ਜਾਗਰਣ' ਦਾ ਸੰਪਾਦਕ ਨਿਯੁਕਤ ਹੋ ਗਿਆ ਹੈ, ਪ੍ਰਸੰਨਤਾ ਹੋਈ ਤੇ ਮਾਣ ਵੀ। ਉਹਦਾ ਫੋਨ ਨਹੀਂ ਸੀ ਮੇਰੇ ਕੋਲ। ਵਧਾਈ ਦੇਣ ਵਿੱਚ ਪਛੜੇਵਾਂ ਹੋ ਗਿਆ। ਰੰਧਾਵੇ ਨੇ ਨੰਬਰ ਘੱਲਿਆ। ਮੈਸਿਜ ਰਾਹੀਂ ਵਾਰਤਾ ਹੋਈ। ਉਹੀ ਨਿਮਰਤਾ ਤੇ ਨਿਮਾਣਾਪਣ ਸੀ ਉਹਦੇ ਸ਼ਬਦਾਂ ਵਿੱਚ। ਉਦੋਂ ਕੁ ਹੀ ਫੇਸਬੁੱਕ ਉਤੇ ਇੱਕ ਤਸਵੀਰ ਨੇ ਧਿਆਨ ਖਿੱਚਿਆ, ਜੋ ਇੰਦਰਪ੍ਰੀਤ ਦੀ ਆਪਣੀ ਮਾਤਾ ਜੀ ਦੇ ਨਾਲ ਹੈ, ਦਫਤਰ ਵਿੱਚ ਅਹੁਦਾ ਸਾਂਭਣ ਸਮੇਂ ਦੀ ਫੋਟੋ। ਮਾਂ ਦੀ ਮਮਤਾ, ਜੱਫੀ, ਮੋਹ ਤੇ ਭਾਵੁਕਤਾ ਵੇਖ ਮਨ ਭਰ ਆਇਆ। ਬਾਪੂ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਦੀ ਲਿਖੀ ਕਵੀਸ਼ਰੀ ਚੇਤੇ ਆਈ:

ਹੁੰਦੀਆਂ ਹਨ ਮਮਤਾ ਦੀ ਮੂਰਤ
ਮਾਵਾਂ ਠੰਡੀਆਂ ਛਾਵਾਂ

ਇਹ ਤਸਵੀਰ ਮੈਨੂੰ ਇਓਂ ਜਾਪੀ ਜਿਵੇਂ ਮੇਰੀ ਹੀ ਤਸਵੀਰ ਮੇਰੀ ਮਾਂ ਨਾਲ ਹੋਵੇ! ਅਕਸਰ ਹੀ ਜਦ ਮੇਰੀ ਕੋਈ ਪ੍ਰਾਪਤੀ ਹੁੰਦੀ ਹੈ, ਤਾਂ ਬੀਬੀ ਹਿੱਕ ਨਾਲ ਲਾ ਕੇ ਮੱਥਾ ਚੁੰਮਦੀ ਹੈ। ਅਸੀਸਾਂ ਦੀ ਝੜੀ ਲਾ ਦਿੰਦੀ ਹੈ। ਸੱਚੀਓਂ ਹੀ, ਜੋ ਅਨੰਦ ਮਾਵਾਂ ਨੂੰ ਪੁੱਤਾਂ ਦੀ ਪ੍ਰਾਪਤੀ ਸਮੇਂ ਮਿਲਦਾ ਹੈ, ਉਸਦਾ ਲੇਖਾ ਜੋਖਾ ਕਰਨਾ ਸਹਿਜ ਨਹੀਂ। ਸਾਡੇ ਗੁਰੂ ਜੀ ਵੀ ਕਿੰਨਾ ਖ਼ੂਬਸੂਰਤ ਆਖਦੇ ਨੇ ਕਿ ਅਨਦ ਭਇਆ ਮੇਰੀ ਮਾਏ ਸਤਗੁਰੂ ਮੈਂ ਪਾਇਆ। ਉਨਾਂ ਨੇ ਵੀ ਪਹਿਲਾਂ ਮਾਂ ਨੂੰ ਹੀ ਦੱਸਿਆ ਸੀ ਆਪਣੀ ਪ੍ਰਾਪਤੀ ਬਾਰੇ। ਖੈਰ !ਉਸ ਤਸਵੀਰ ਦੀ ਤਾਕਤ ਨੇ -ਡਾਇਰੀ ਦਾ ਪੰਨਾ' ਲਿਖਵਾ ਲਿਆ। ਜਿਉਂਦੇ ਰਹਿਣ ਉਹ, ਜਿੰਨ੍ਹਾਂ ਦੀਆਂ ਮਾਵਾਂ ਜਿਊਂਦੀਆਂ ਨੇ।

**ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।**

403-232-6220

## facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

### ਪੱਤਿਆਂ ਵਿੱਚ ਲੁਕਿਆ ਇਤਿਹਾਸ ਤੇ ਨਾਰੀ-ਸ਼ਕਤੀ ਦੀ ਗੂੰਜ (ਭਾਗ ਤੀਜਾ)

# ਤਾਸ਼ ਦੀਆਂ ਰਾਣੀਆਂ

(ਪਹਿਲੀਆਂ ਦੋ ਪੋਸਟਾਂ ਵਿੱਚ ਤੁਸੀਂ ਤਾਸ਼ ਦੀ ਉਤਪੱਤੀ, ਇਸ ਦੇ ਰੰਗ ਕਿਵੇਂ ਬਣੇ ?ਉਹਨਾਂ ਦਾ ਕੀ ਇਤਿਹਾਸ ਸੀ ? ਤਾਸ਼ ਦੇ ਪੱਤਿਆਂ ਨੇ ਪੂਰੀ ਦੁਨੀਆਂ ਵਿੱਚ ਕਿਵੇਂ ਯਾਤਰਾ ਕੀਤੀ ਅਤੇ ਇਸਦੇ ਚਾਰੇ ਬਾਦਸ਼ਾਹ ਕੌਣ ਸਨ ? ਇਹ ਜਾਣਿਆ, ਇਸ ਪੋਸਟ ਵਿੱਚ ਅਸੀਂ ਤਾਸ਼ ਦੀਆਂ ਚਾਰੇ ਬੇਗਮਾਂ ਜਿਨਾਂ ਨੂੰ ਮਾਲਵੇ ਵਿੱਚ ਅਸੀਂ ਅਕਸਰ ਬੇਗੀਆਂ ਕਹਿ ਦਿੰਦੇ ਹਾਂ ਉਹਨਾਂ ਬਾਰੇ ਜਾਣਾਗੇ)

ਜਦੋਂ ਅਸੀਂ ਤਾਸ਼ ਦਾ ਪੱਤਾ ਹੱਥ ਵਿੱਚ ਫੜਦੇ ਹਾਂ, ਤਾਂ ਅਕਸਰ ਇਹ ਸਿਰਫ਼ ਇੱਕ ਖੇਡ ਦਾ ਹਿੱਸਾ ਲੱਗਦਾ ਹੈ। ਪਰ ਜੇ ਨਜ਼ਰ ਥੋੜ੍ਹੀ ਡੂੰਘੀ ਹੋ ਜਾਵੇ, ਤਾਂ ਇਹਨਾਂ ਰੰਗੀਂ ਤਸਵੀਰਾਂ ਦੇ ਅੰਦਰ ਸਦੀਆਂ ਪੁਰਾਣੀਆਂ ਕਹਾਣੀਆਂ ਧੜਕਦੀਆਂ ਮਹਿਸੂਸ ਹੁੰਦੀਆਂ ਹਨ। ਖ਼ਾਸ ਕਰਕੇ ਰਾਣੀਆਂ ਜਾਂ ਬੇਗ਼ਮਾਂ ਜੋ ਸਿਰਫ਼ ਰਾਜਸੀ ਸ਼ਾਨ ਦਾ ਪ੍ਰਤੀਕ ਨਹੀਂ, ਸਗੋਂ ਇਤਿਹਾਸ, ਧਰਮ ਅਤੇ ਪੁਰਾਣਕ ਕਥਾਵਾਂ ਦੀਆਂ ਉਹ ਮਹਾਨ ਔਰਤਾਂ ਹਨ, ਜਿਨ੍ਹਾਂ ਨੇ ਆਪਣੇ ਸਮੇਂ ਨੂੰ ਨਵਾਂ ਅਕਾਰ ਦਿੱਤਾ।



ਫ੍ਰੈਂਚ (Paris pattern) ਦੇ ਤਾਸ਼ ਵਿੱਚ 15ਵੀਂ ਤੇ 16ਵੀਂ ਸਦੀ ਦੌਰਾਨ ਚਾਰ ਰਾਣੀਆਂ ਨੂੰ ਵਿਸ਼ੇਸ਼ ਨਾਮ ਦਿੱਤੇ ਗਏ,Pallas Athena, Judith, Rachel ਅਤੇ Argine। ਇਹ ਸਿਰਫ਼ ਨਾਮ ਨਹੀਂ ਸਨ, ਸਗੋਂ ਹਰ ਇੱਕ ਦੇ ਪਿੱਛੇ ਇੱਕ ਅਲੱਗ ਸੰਸਾਰ, ਇੱਕ ਅਲੱਗ ਵਿਚਾਰਧਾਰਾ ਅਤੇ ਇੱਕ ਅਲੱਗ ਕਹਾਣੀ ਸੀ, ਜੋ ਤਾਸ਼ ਦੇ ਪੱਤਿਆਂ ਰਾਹੀਂ ਲੋਕਾਂ ਤੱਕ ਪਹੁੰਚਦੀ ਰਹੀ।

ਹੁਕਮ ਦੀ ਰਾਣੀ ਦੇ ਰੂਪ ਵਿੱਚ ਪੈਲਸ ਐਥੀਨਾ ਯੂਨਾਨੀ ਸਭਿਆਚਾਰ ਦੀ ਉਹ ਪ੍ਰਤੀਕਾਤਮਕ ਦੇਵੀ ਹੈ, ਜੋ ਬੁੱਧੀ, ਨਿਆਂ ਅਤੇ ਰਣਨੀਤਿਕ ਯੁੱਧ ਦੀ ਮੂਰਤ ਮੰਨੀ ਜਾਂਦੀ ਹੈ। ਉਹ ਅੰਨ੍ਹੇ ਗੁੱਸੇ ਨਾਲੂ ਨਹੀਂ, ਸਗੋਂ ਸੋਚ-ਸਮਝ ਅਤੇ ਯੋਜਨਾ ਨਾਲ ਜਿੱਤ ਪ੍ਰਾਪਤ ਕਰਨ ਵਾਲੀ ਤਾਕਤ ਨੂੰ ਦਰਸਾਉਂਦੀ ਹੈ। ਇਸੇ ਲਈ ਹੁਕਮ ਦਾ ਰੰਗ ਵੀ ਸਿਰਫ਼ ਤਾਕਤ ਨਹੀਂ, ਸਗੋਂ ਰਾਜਨੀਤਿਕ ਸੋਚ ਅਤੇ ਫ਼ੈਸਲਾ ਕਰਨ ਦੀ ਸਮਰੱਥਾ ਨਾਲ਼ ਜੋੜਿਆ ਗਿਆ ਹੈ। ਤਸਵੀਰਾਂ ਵਿੱਚ ਉਸਦਾ ਗੰਭੀਰ ਚਿਹਰਾ ਅਤੇ ਹੱਥ ਵਿੱਚ ਬਰਛੀ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਅਸਲ ਜਿੱਤ ਹਮੇਸ਼ਾ ਅਕਲ ਦੀ ਹੁੰਦੀ ਹੈ।

ਇਸ ਦੇ ਉਲਟ, ਪਾਨ ਦੀ ਰਾਣੀ ਵਿੱਚ ਜੂਡਿਥ ਦੀ ਕਹਾਣੀ ਇੱਕ ਅਜਿਹੀ ਔਰਤ ਦੀ ਹੈ, ਜਿਸ ਨੇ ਆਪਣੇ ਲੋਕਾਂ ਦੀ ਰੱਖਿਆ ਲਈ ਆਪਣੀ ਬੁੱਧੀ ਅਤੇ ਹਿੰਮਤ ਦਾ ਸਹਾਰਾ ਲਿਆ। ਉਸ ਨੇ ਵਿਰੋਧੀ ਸੈਨਾਪਤੀ ਨੂੰ ਆਪਣੀ ਚਤੁਰਾਈ ਨਾਲ਼ ਮਾਰ ਕੇ ਆਪਣੇ ਸ਼ਹਿਰ ਨੂੰ ਬਚਾਇਆ। ਇੱਥੇ ਪਾਨ ਦਾ ਰੰਗ ਸਿਰਫ਼ ਪਿਆਰ ਦੀ ਨਿਸ਼ਾਨੀ ਨਹੀਂ ਰਹਿੰਦਾ, ਸਗੋਂ ਦਿਲ ਦੀ ਹਿੰਮਤ, ਜਜ਼ਬੇ ਅਤੇ ਕੁਰਬਾਨੀ ਦੀ ਇੱਕ ਡੂੰਘੀ ਮਿਸਾਲ ਬਣ ਜਾਂਦਾ ਹੈ। ਇਹ ਰਾਣੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਜੰਗ ਕਈ ਵਾਰ ਤਲਵਾਰ ਨਾਲ਼ ਨਹੀਂ, ਸਿਆਣਪ ਨਾਲ਼ ਵੀ ਜਿੱਤੀ ਜਾਂਦੀ ਹੈ।

ਇੱਟ ਦੀ ਰਾਣੀ ਰਾਚਲ ਦੀ ਸੂਰਤ ਵਿੱਚ ਇੱਕ ਹੋਰ ਹੀ ਨਵਾਂ ਸੰਸਾਰ ਨਜ਼ਰ ਆਉਂਦਾ ਹੈ।ਇਹ ਸੰਸਾਰ ਹੈ ਧੀਰਜ, ਇੰਤਜ਼ਾਰ ਅਤੇ ਪਰਿਵਾਰਕ ਪਿਆਰ ਦਾ। ਬਾਈਬਲ ਵਿੱਚ ਉਸਦੀ ਕਹਾਣੀ ਇੱਕ ਅਜਿਹੀ ਮਹਿਲਾ ਦੀ ਹੈ, ਜਿਸ ਨੇ ਲੰਬੇ ਸਮੇਂ ਤੱਕ ਉਡੀਕ ਕੀਤੀ ਅਤੇ ਆਖ਼ਿਰਕਾਰ ਇੱਕ ਵੱਡੀ ਵਿਰਾਸਤ ਦਾ ਹਿੱਸਾ ਬਣੀ। ਇੱਟ ਦਾ ਰੰਗ ਧਨ ਅਤੇ ਵਪਾਰ ਨਾਲ਼ ਜੋੜਿਆ ਜਾਂਦਾ ਹੈ। ਇੱਥੇ ਇਹ ਸਿਰਫ਼ ਅਮੀਰੀ ਅਤੇ ਖ਼ੂਬਸੂਰਤੀ ਨਹੀਂ, ਸਗੋਂ ਅੰਦਰੂਨੀ ਸੰਪੰਨਤਾ ਅਤੇ ਰਿਸ਼ਤਿਆਂ ਦੀ ਮਹੱਤਤਾ ਨੂੰ ਵੀ ਦਰਸਾਉਂਦਾ ਹੈ। ਉਸਦੀ ਤਸਵੀਰ ਵਿੱਚ ਦਿਖਾਈ ਦੇਣ ਵਾਲੀ ਸ਼ਾਨ ਅਤੇ ਨਰਮੀ ਇੱਕ ਅਜਿਹੀ ਰਾਣੀ ਦਾ ਰੂਪ ਹੈ, ਜੋ ਮਾਂ ਅਤੇ ਮਰਿਆਦਾ ਦਾ ਪ੍ਰਤੀਕ ਹੈ।

ਚਿੜੀ ਦੀ ਰਾਣੀ, ਜਿਸਨੂੰ ਆਰਜੀਨ ਕਿਹਾ ਜਾਂਦਾ ਹੈ, ਸਭ ਤੋਂ ਵੱਧ ਰਹੱਸਮਈ ਹੈ। ਇਹ ਨਾਮ ਖੁਦ ਲੈਟਿਨ ਦੇ Regina" ਦਾ ਅਨਾਗ੍ਰਾਮ ਮੰਨਿਆ ਜਾਂਦਾ ਹੈ, ਜਿਸਦਾ ਅਰਥ ਹੈ 'ਰਾਣੀ'। ਇਹ ਕਿਸੇ ਇੱਕ ਇਤਿਹਾਸਕ ਸ਼ਖ਼ਸੀਅਤ ਦੀ ਨਹੀਂ, ਸਗੋਂ ਸਮੂਹਿਕ ਨਾਰੀ-ਸ਼ਕਤੀ ਦੀ ਪ੍ਰਤੀਕ ਹੈ। ਚਿੜੀ ਦਾ ਰੰਗ ਪੁਰਾਣੀਆਂ ਵਿਆਖਿਆਵਾਂ ਵਿੱਚ ਖੇਤੀਬਾੜੀ, ਮਿਹਨਤਕਸ਼ ਅਤੇ ਆਮ ਲੋਕਾਂ ਨਾਲ਼ ਜੋੜਿਆ ਜਾਂਦਾ ਸੀ। ਇਸ ਲਈ ਇਹ ਰਾਣੀ ਸਿਰਫ਼ ਰਾਜਸੀ ਮਹਿਲਾਂ ਦੀ ਨਹੀਂ, ਸਗੋਂ ਜ਼ਮੀਨ ਨਾਲ਼ ਜੁੜੀ ਹੋਈ, ਲੋਕਾਂ ਦੇ ਦਰਦ ਤੇ ਤਾਕਤ ਨੂੰ ਸਮਝਣ ਵਾਲੀ ਨਾਰੀ ਦੀ ਤਸਵੀਰ ਬਣ ਜਾਂਦੀ ਹੈ। ਇਹਨਾਂ ਚਾਰਾਂ ਰਾਣੀਆਂ ਜਾਂ ਬੇਗ਼ਮਾਂ ਨੂੰ ਇਕੱਠੇ ਵੇਖਣ 'ਤੇ ਅਸੀਂ ਸਿਰਫ਼ ਤਾਸ਼ ਦੇ ਪੱਤੇ ਨਹੀਂ ਦੇਖਦੇ, ਸਗੋਂ ਚਾਰ ਵੱਖ-ਵੱਖ ਦਿਸ਼ਾਵਾਂ ਵਿੱਚ ਫੈਲੀਆਂ ਨਾਰੀ-ਸ਼ਕਤੀਆਂ ਦੀ ਇੱਕ ਪੂਰੀ ਤਸਵੀਰ ਦੇਖਦੇ ਹਾਂ। ਬੁੱਧੀ, ਬਹਾਦਰੀ, ਪਿਆਰ ਅਤੇ ਸਨਮਾਨ। ਸਮੇਂ ਦੇ ਨਾਲ਼ ਭਾਵੇਂ ਇਹਨਾਂ ਦੇ ਨਾਮ ਤਾਸ਼ ਦੇ ਪੱਤਿਆਂ ਤੋਂ ਮਿਟ ਗਏ, ਪਰ ਇਹਨਾਂ ਦੀਆਂ ਕਹਾਣੀਆਂ ਅਜੇ ਵੀ ਹਰ ਤਾਸ਼ ਵਿੱਚ ਜਿਉਂਦੇ ਹਨ।ਅਗਲੀ ਵਾਰ ਜਦੋਂ ਤੁਸੀਂ ਤਾਸ਼ ਖੇਡੋ, ਤਾਂ ਇੱਕ ਪਲ ਲਈ ਰੁਕੋ ਤੇ ਇਹਨਾਂ ਰਾਣੀਆਂ ਨੂੰ ਧਿਆਨ ਨਾਲ਼ ਜ਼ਰੂਰ ਵੇਖਿਓ ,ਸ਼ਾਇਦ ਤੁਹਾਨੂੰ ਇਹ ਸਿਰਫ਼ ਪੱਤੇ ਨਹੀਂ, ਸਗੋਂ ਇਤਿਹਾਸ ਦੀਆਂ ਗੂੰਜਾਂ ਲੱਗਣ।

**( ਗੁਰਪ੍ਰੀਤ ਪਸ਼ੌਰੀਆ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾ ਲਈ ਕਾਪੀ ਕੀਤਾ)**



ਡਾ. ਬਲਵਿੰਦਰ ਕੌਰ ਬਰਾੜ
403 590 9629

# ਉਹ ਵੇਲਾ ਯਾਦ ਕਰ



# ਅਨੁਸ਼ਾਸ਼ਨ ਦਾ ਅਰਥ ਪਈਆਂ ਲੀਹਾਂ ਦੇ ਅੰਦਰਵਾਰ ਆਪਣੇ ਆਪ ਨੂੰ ਕਾਇਦੇ ਅਨੁਸਾਰ ਢਾਲਣਾ ਹੈ

**ਮੇਰੇ ਵਾਸਤੇ ਕੋਈ ਰਾਖਵਾਂ ਪੱਥਰ ਨਹੀਂ**
**ਦਫ਼ਤਰਾਂ ਜਿਹੇ ਬਣ ਗਏ ਨੇ ਘਰ ਅਸਾਡੇ ਦੋਸਤੋ**
**ਘਰਾਂ ਵਰਗੇ ਪਰ ਅਜੇ ਵੀ ਬਣ ਸਕੇ ਦਫ਼ਤਰ ਨਹੀਂ।**

**ਅਮਰਜੀਤ ਢਿੱਲੋਂ**

ਪ੍ਰਸਿੱਧ ਮਨੋਵਿਗਿਆਨੀ ਸੀ.ਜੀ. ਜੁੰਗ ਨੇ ਮਨੁੱਖਾ ਜਨਮ ਅਤੇ ਜ਼ਿੰਮੇਵਾਰੀਆਂ ਬਾਰੇ ਲਿਖਿਆ ਹੈ ਕਿ ਜੰਮਦਾ ਮਨੁੱਖ ਬਿਲਕੁਲ ਆਜ਼ਾਦ ਹੁੰਦਾ ਹੈ। ਪਰ ਜਿਉਂ-ਜਿਉਂ ਉਹ ਵੱਡਾ ਹੁੰਦਾ ਹੈ ਉਸ ਦੁਆਲ਼ੇ ਜੰਜ਼ੀਰਾਂ ਵਧਦੀਆਂ ਹੀ ਜਾਂਦੀਆਂ ਹਨ। ਇਹ ਜ਼ਿੰਦਗੀ ਨੂੰ ਹੋਰਨਾਂ ਵਾਂਗ ਜਿਉਣ ਦਾ ਸਲੀਕਾ, ਵਿਵਹਾਰ ਜਾਂ ਅਨੁਸ਼ਾਸ਼ਨ ਹੀ ਉਸ ਆਜ਼ਾਦੀ ਲਈ ਜੰਜ਼ੀਰਾਂ ਹਨ। ਇਹ ਜ਼ਿੰਮੇਵਾਰੀਆਂ ਜਾਂ ਜੰਜ਼ੀਰਾਂ ਇੱਕ ਵਧੀਆ ਸਮਾਜ ਦੀ ਉਸਾਰੀ ਲਈ ਬਣਾਏ ਨਿਯਮ ਹਨ ਜਿਨ੍ਹਾਂ ਦੀ ਉਲੰਘਣਾ ਕਰਨ ਵਾਲ਼ੇ ਨੂੰ ਸਜ਼ਾ ਵੀ ਮਿਲ ਸਕਦੀ ਹੈ। ਕਾਨੂੰਨ ਦਾ ਦਖ਼ਲ ਹੀ ਇਹ ਸਜ਼ਾ ਹੈ। ਆਮ ਤੌਰ 'ਤੇ ਇਹ ਨਿਯਮ ਜਾਂ ਨੈਤਿਕ ਤੌਰ 'ਤੇ ਲੱਗੀਆਂ ਧਾਰਣਾਵਾਂ ਇੱਕ ਮਨੁੱਖ ਤੋਂ ਦੂਜੇ ਮਨੁੱਖ ਵਿੱਚਕਾਰ ਚਲਦੇ ਵਿਵਹਾਰ ਸੰਬੰਧੀ ਹੁੰਦੀਆਂ ਹਨ। ਇਸ ਦੀਆਂ ਅੱਗੋਂ ਕਈ ਪਰਤਾਂ ਹਨ। ਮਿਸਾਲ ਵਜੋਂ ਜੇ ਕੋਈ ਮਹਿਮਾਨ ਟੇਬਲ 'ਤੇ ਬੈਠ ਕੇ ਪਚਾਕੇ ਮਾਰ ਕੇ ਖਾਣਾ ਖਾਵੇ ਤਾਂ ਕਾਨੂੰਨੀ ਕਾਰਵਾਈ ਦੀ ਥਾਂ ਅਸੀਂ ਮਜ਼ਾਕ ਕਰ ਕੇ ਹਟਾ ਸਕਦੇ ਹਾਂ। ਕੁੱਝ ਲੋਕ ਇਹ ਅਨੁਸ਼ਾਸ਼ਨ ਆਪ ਹੀ ਦੁਆਲ਼ੇ ਤੋਂ ਅਪਣਾ ਲੈਂਦੇ ਹਨ। ਜੋ ਸਵੱਖਤੇ ਉੱਠ ਕੇ ਭਜਨ ਕਰਨ ਦੇ ਆਦੀ ਹਨ, ਇਹ ਉਨ੍ਹਾਂ ਦੀ ਦੇਹੀ ਦਾ ਅਨੁਸ਼ਾਸ਼ਨ ਹੈ। ਕਿਸੇ ਘਰ ਦੀ ਜਾਂ ਸਕੂਲ ਦੀ ਸਿੱਖਿਆ ਹੀ ਇਹ ਜੀਵਨ-ਜਾਚ ਹੈ। ਮਨ ਦੀ ਕੱਚੀ ਮਿੱਟੀ 'ਤੇ ਪਏ ਪਹਿਲੇ ਸੰਕੇਤ ਹਨ। ਬਚਪਨ ਵਿੱਚ ਹੀ ਸਾਡੇ ਥਿੜਕਦੇ ਪੈਰਾਂ ਨੂੰ ਜ਼ਿੰਦਗੀ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਆ ਜਾਂਦਾ ਹੈ। ਇਹ ਸਭ ਕਾਇਦੇ ਨਾਲ਼ ਸਿੱਖਣਾ ਤੇ ਨਿਭਾਉਣਾ ਹੀ ਅਨੁਸ਼ਾਸ਼ਨ ਹੈ। ਸਕੂਲ ਵਿੱਚ ਸਾਡੀ ਦੇਹੀ ਨਾਲ਼ ਦਿਮਾਗ਼ ਵੀ ਉਸਰਦਾ ਹੈ। ਉਥੇ ਹੀ ਅਸੀਂ ਕਤਾਰ ਵਿੱਚ ਖੜ੍ਹਨਾ ਸਿਖਦੇ ਹਾਂ। ਪਰ ਘਤਿੱਤੀ ਮਨ ਕਤਾਰ ਤੋੜਦਾ ਅਨੁਸ਼ਾਸ਼ਨਹੀਣ ਹੋ ਜਾਂਦਾ ਹੈ। ਸਾਡੀ ਅਹੁਦਰੀ ਹਰ ਹਰਕਤ ਨੂੰ ਜਾਂ ਬਾਹਰ ਡੁਲ੍ਹਦੀਆਂ ਭਾਵਨਾਵਾਂ ਨੂੰ ਸਕੂਲ ਹੀ ਸਖਤੀ ਨਾਲ਼, ਪਹਿਰੇ ਨਾਲ਼, ਪਿਆਰ ਨਾਲ਼ ਜਾਂ ਸਹਾਰਿਆਂ ਨਾਲ਼ ਉਸਾਰਦਾ, ਸੰਵਾਰਦਾ ਅਤੇ ਪਰਸਾਰਦਾ ਹੈ। ਅਸਲ ਵਿੱਚ ਅਨੁਸ਼ਾਸ਼ਨ ਹੀ ਨਿੱਜ ਅਤੇ ਪਰ ਦੇ ਆਪਸੀ ਤਾਣੇ-ਬਾਣੇ ਦਾ ਸਿਲਸਿਲਾ ਹੈ। ਉਮਰ ਵਧਣ ਨਾਲ਼ ਰੁਜ਼ਗਾਰ ਅਤੇ ਵਿਆਹ ਵੀ ਇੱਕ ਵਿਸ਼ੇਸ਼ ਡਸਿਪਲਿਨ ਅਨੁਸਾਰ ਸਾਡੇ ਦੁਆਲ਼ੇ ਵਾੜਾਂ ਉਲੀਕਦਾ ਹੈ। ਸਾਡਾ ਆਪਾ, ਸਾਡਾ ਨਿੱਜ ਜਾਂ ਸਾਡੀਆਂ ਰੁਚੀਆਂ, ਸੁਪਨੇ, ਇੱਛਾਵਾਂ ਸਭ ਇਨ੍ਹਾਂ ਵਾੜਾਂ ਨੂੰ ਟੱਪਣ ਦੀ ਲਾਲਸਾ ਰਖਦੇ ਹਨ। ਪਰ ਅਨੁਸ਼ਾਸ਼ਨ ਦਾ ਅਰਥ ਪਈਆਂ ਲੀਹਾਂ ਦੇ ਅੰਦਰਵਾਰ ਆਪਣੇ ਆਪ ਨੂੰ ਕਾਇਦੇ ਅਨੁਸਾਰ ਢਾਲਣਾ ਹੈ। ਨਹਿਰ ਦੇ ਦੋ ਕਿਨਾਰਿਆਂ ਅੰਦਰ ਵਗਦਾ ਪਾਣੀ ਇਸ ਦੀ ਮਿਸਾਲ ਹੈ। ਕਿਸੇ ਇੱਕ ਦਾ ਆਜ਼ਾਦ ਨਿੱਜ ਜਦੋਂ ਹੋਰਨਾਂ ਦੀ ਆਜ਼ਾਦੀ ਨੂੰ ਠੇਸ ਲਾਉਂਦਾ ਹੈ ਤਾਂ ਅਨੁਸ਼ਾਸ਼ਨਹੀਣ ਹੋ ਜਾਂਦਾ ਹੈ। ਇੱਕ ਵਾਰੀ ਨਿਊਯਾਰਕ ਦੇ ਬਾਜ਼ਾਰ ਵਿੱਚ ਕੋਈ ਆਦਮੀ ਤਿੱਖੀ ਨੋਕ ਵਾਲ਼ੀ ਛਤਰੀ ਘੁਮਾ ਰਿਹਾ ਕਹਿ ਰਿਹਾ ਸੀ, 'ਮੈਂ ਆਜ਼ਾਦ ਹਾਂ'। ਉਸ ਦੀ ਛਤਰੀ ਦੀ ਨੋਕ ਦੂਜੇ ਆਦਮੀ ਦੇ ਨੱਕ 'ਤੇ ਜਾ ਵੱਜੀ ਤਾਂ ਦੂਜੇ ਆਦਮੀ ਨੇ ਕਿਹਾ,` Your liberty ends where my nose begins. ਇਉਂ ਅਸੀਂ ਆਪਣਾ ਨਿੱਜ ਹੋਰਨਾਂ ਨੂੰ ਠੇਸ ਲਾ ਕੇ ਨਹੀਂ ਮਾਣ ਸਕਦੇ। ਹਰ ਧਰਮ ਨੇ ਆਪੋ ਆਪਣੇ ਢੰਗ ਰਾਹੀਂ ਵਿਸ਼ੇਸ਼ ਡਸਿਪਲਿਨ ਸਿਖਾਇਆ ਹੈ। ਅਸੀਂ, ਸਿੱਖ, ਗੁਰਦੁਆਰੇ ਜਾਣ ਸਮੇਂ ਸਿਰ ਢਕਦੇ, ਜੁੱਤੇ ਉਤਾਰਦੇ ਤੇ ਹੱਥ ਜੋੜ ਕੇ ਅੰਦਰ ਮੱਥਾ ਟੇਕਦੇ ਹਾਂ, ਚੌਕੜੀ ਮਾਰ ਕੇ ਬੈਠ ਕੇ ਬਾਣੀ ਸਰਵਣ ਕਰਦੇ ਹਾਂ। ਇਹ ਵੀ ਇੱਕ ਡਸਿਪਲਿਨ ਹੈ। ਜੀਵਨ ਜਿਉਣ ਦੀ ਤਰਤੀਬ ਦੱਸ ਕੇ ਹਰ ਧਰਮ ਨੇ ਵਧੀਆ ਇਨਸਾਨ ਬਣਨ ਦੀ ਸਿੱਖਿਆ ਸਿਰਜੀ ਹੈ। ਅਨੁਸ਼ਾਸ਼ਨ ਰਾਹੀਂ ਨਿੱਜ ਨੂੰ ਸਮੇਟਦਾ ਮਨੁੱਖ ਸਭਿਅਕ ਅਤੇ ਵਧੀਆ ਇਨਸਾਨ ਬਣ ਉਸਰਦਾ ਹੈ। ਲੋਕ-ਨਜ਼ਰਾਂ ਵਿੱਚ ਪਰਵਾਨ ਚੜ੍ਹਨ ਲਈ ਸੱਚੇ ਮਾਰਗ ਚੱਲਣਾ ਪੈਂਦਾ ਹੈ। ਮੈਂ ਇੱਕ ਮਾਸ਼ ਮੈਲੋ ਥਿਊਰੀ ਬਾਰੇ ਕਿਤੇ ਖੋਜ ਹੁੰਦੀ ਸੁਣੀ ਹੈ। ਇੱਕ ਅਧਿਆਪਕ ਨੇ ਜਮਾਤ ਵਿੱਚ ਚਾਲ਼ੀ ਬੱਚਿਆਂ ਨੂੰ ਇੱਕ-ਇੱਕ ਮਾਸ਼ ਮੈਲੋ ਟੌਫ਼ੀ ਦੇ ਕੇ ਇੱਕ ਕੈਮਰਾ ਲਗਾ ਦਿੱਤਾ ਅਤੇ ਕਿਹਾ ਕਿ ਮੇਰੇ ਵਾਪਸ ਆਉਣ ਤਕ ਤੁਸੀਂ ਟੌਫ਼ੀ ਨਹੀਂ ਖਾਣੀ। ਇਹ ਕਹਿ ਕੇ ਬਾਹਰ ਚਲੀ ਗਈ। ਕੁੱਝ ਬੱਚਿਆਂ ਨੇ ਟੌਫ਼ੀ ਖੋਲ੍ਹ ਕੇ ਬਾਹਰ ਰੱਖ ਦਿੱਤੀ, ਕਈਆਂ ਨੇ ਅੱਧੀ ਖਾ ਕੇ ਵਲ੍ਹੇਟ ਦਿੱਤੀ, ਕਈਆਂ ਨੇ ਪੂਰੀ ਖਾ ਕੇ ਕਾਗਜ਼ ਇਕੱਠਾ ਕਰ ਦਿੱਤਾ। ਪਰ ਅੱਠ ਬੱਚਿਆਂ ਨੇ ਹੱਥ ਵੀ ਨਾ ਲਾਇਆ। ਵੱਡੇ ਹੋ ਕੇ ਉਹੀ ਅੱਠ ਬੱਚੇ ਹਰ ਔਕੜ ਸਰ ਕਰਦੇ ਸਫਲ ਹੋਏ। ਇਉਂ ਹੀ ਸਾਰੇ ਸਮਾਜ ਵਿੱਚ ਜੋ ਜ਼ਿੰਦਗੀ ਨੂੰ ਖਾਸ ਸਾਂਚੇ ਵਿੱਚ ਢਾਲ਼ ਕੇ ਜਿਉਣਾ ਸਿਖਦੇ ਹਨ, ਉਹ ਹੀ ਪ੍ਰਾਪਤੀਆਂ ਕਰਦੇ ਹਨ। ਅਨੁਸ਼ਾਸ਼ਨਹੀਣ ਆਦਮੀ ਸਮਾਜਿਕ ਵਿਕਾਰਾਂ ਨੂੰ ਥਾਂ ਦੇ ਕੇ ਨਿੱਜ ਪਾਲ਼ਦੇ ਹਨ ਪਰ ਸਫਲ ਹੋਣ ਲਈ ਸਮਾਜਿਕ ਕਾਇਦੇ ਕਾਨੂੰਨ ਦੀ ਪਾਲਣਾ ਜ਼ਰੂਰੀ ਹੈ। ਅਨੁਸ਼ਾਸ਼ਨ ਆਖਦਾ ਹੈ ਤੂੰ ਮੈਨੂੰ ਰੱਖ ਤਾਂ ਮੈਂ ਤੈਨੂੰ ਰੱਖਾਂਗਾ।

'ਇਮਾਰਤਾਂ ਦੇ ਨਗਰ ਵਿੱਚ ਇਹੋ ਸੰਸਾ ਮੇਰੇ ਨਾਲ਼ ਰਹਿੰਦਾ ਹੈ/ ਕਿਧਰੇ ਮੇਰੀਆਂ ਅੱਖਾਂ ਨੂੰ/ ਰੋਣਾ ਹੀ ਨਾ ਭੁੱਲ ਜਾਵੇ'

**ਕੁਲਵੰਤ ਅੰਜਲਾ**

# ਵਾਤਾਵਰਨ

ਵਾਤਾਵਰਨ ਨੂੰ ਬਚਾਉਣ ਤੇ ਜ਼ਿੰਦਗੀ ਨੂੰ ਕੁਦਰਤ ਦੇ ਨਾਲ ਜੋੜਨ ਲਈ ਹਰ ਸਾਲ 5 ਜੂਨ ਨੂੰ ਸਮਾਜ ਨੂੰ ਵਾਤਾਵਰਨ ਸਬੰਧੀ ਜਾਗਰੂਕ ਕਰਨ ਲਈ ਵਿਸਵ ਵਾਤਾਵਰਨ ਦਿਵਸ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮਕਸਦ ਧਰਤੀ ਤੇ ਰਹਿ-ਰਹੇ ਲੋਕ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਨਾ ਸੀ ਤੇ ਹੈ। ਮੌਜੂਦਾ ਸਮੇਂ ਮਨੁੱਖ ਨੇ ਆਪਣੇ ਨਿੱਜੀ ਸਵਾਰਥਾਂ ਲਈ ਕੁਦਰਤੀ ਸਰੋਤਾਂ, ਸੋਮਿਆਂ ਨਾਲ ਖਿਲਵਾੜ ਕਰਨਾ ਸ਼ੁਰੂ ਕੀਤਾ ਹੋਇਆ ਹੈ, ਜੋ ਬੇਹੱਦ ਮੰਦ-ਭਾਗਾ ਹੈ।



ਜੇਕਰ ਮਨੁੱਖ ਨੂੰ ਖੁਦ ਨੂੰ ਬਚਾਉਣਾ ਹੈ ਤਾਂ ਘੱਟੋ-ਘੱਟ ਇਕ ਦਰੱਖਤ ਜ਼ਰੂਰ ਲਾਵੇ। ਹਵਾ ਪ੍ਰਦੂਸ਼ਣ ਕਾਰਨ ਮਨੁੱਖ ਦਾ ਸਾਹ ਲੈਣਾ ਔਖਾ ਹੋ ਰਿਹਾ ਹੈ। ਹਵਾ ਪ੍ਰਦੂਸ਼ਣ ਅਤੇ ਜਲਵਾਯੂ ਸੰਕਟ ਵਿਚਾਲੇ ਤਾਲਮੇਲ ਬਣਾਉਣਾ ਸਾਡੇ ਲਈ ਬਹੁਤ ਜ਼ਰੂਰੀ ਹੈ। ਮਨੁੱਖੀ ਗਤੀਵਿਧੀਆਂ ਕਾਰਨ ਵਾਤਾਵਰਣ ਬਹੁਤ ਜ਼ਿਆਦਾ ਪ੍ਰਦੂਸ਼ਿਤ ਹੋਇਆ ਹੈ, ਜਿਸ ਦੇ ਨਤੀਜੇ ਸਾਡੇ ਸਾਹਮਣੇ ਆ ਰਹੇ ਹਨ। ਧਰਤੀ ਦਾ ਵੱਧਦਾ ਤਾਪਮਾਨ ਅਤੇ ਹਵਾ ਪ੍ਰਦੂਸ਼ਣ 'ਗਲੋਬਲ ਵਾਰਮਿੰਗ' ਦਾ ਕਾਰਨ ਬਣਦੇ ਹਨ, ਜੋ ਕਿ ਇਕ ਵੱਡਾ ਖਤਰਾ ਹੈ।

ਵਾਤਾਵਰਣ ਨੂੰ ਬਚਾਉਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ। ਲੋਕਾਂ ਨੂੰ ਵੱਧ ਤੋਂ ਵੱਧ ਦਰੱਖਤ ਲਾਉਣ, ਆਪਣਾ ਆਲਾ-ਦੁਆਲਾ ਸਾਫ ਰੱਖਣ, ਸੀ.ਐੱਨ.ਜੀ. ਵਾਹਨਾਂ ਦਾ ਇਸਤੇਮਾਲ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ। ਜੇਕਰ ਅਸੀਂ ਖੁੱਲ੍ਹੀ ਹਵਾ ਵਿਚ ਸਾਹ ਲੈਣਾ ਹੈ ਤਾਂ ਪਹਿਲਾਂ ਕਦਮ ਸਾਨੂੰ ਹੀ ਪੁੱਟਣਾ ਪਵੇਗਾ, ਆਪਣੇ ਆਲੇ-ਦੁਆਲੇ ਨੂੰ ਸਾਫ ਰੱਖ ਕੇ।

ਆਮ ਜਨਤਾ ਵੀ ਵਾਤਾਵਰਣ ਨੂੰ ਸਾਫ ਰੱਖਣ 'ਚ ਆਪਣਾ ਯੋਗਦਾਨ ਦੇ ਸਕਦੀ ਹੈ। ਜਿਵੇਂ ਸੜਕਾਂ 'ਤੇ ਕੂੜਾ ਨਾ ਸੁੱਟੋ ਅਤੇ ਨਾ ਹੀ ਕੂੜੇ ਨੂੰ ਅੱਗ ਲਾਓ। ਪਲਾਸਟਿਕ, ਪੇਪਰ, ਈ-ਕੂੜੇ ਲਈ ਵੱਖਰੇ-ਵੱਖਰੇ ਕੂੜੇਦਾਨ ਵਿਚ ਕੂੜਾ ਸੁੱਟੋ ਤਾਂ ਕਿ ਉਹ ਆਸਾਨੀ ਨਾਲ ਰੀਸਾਈਕਲ ਹੋ ਸਕੇ। ਸਭ ਤੋਂ ਵੱਡੀ ਗੱਲ ਘੱਟ ਦੂਰੀ ਲਈ ਸਾਈਕਲ ਦੀ ਵਰਤੋਂ ਕਰ ਕੇ ਵਾਤਾਵਰਣ ਨੂੰ ਬਚਾਇਆ ਜਾ ਸਕਦਾ ਹੈ।

ਦਰੱਖਤਾਂ ਦੀ ਕਟਾਈ ਲਗਾਤਾਰ ਬੇਰਹਿਮੀ ਨਾਲ ਹੋ ਰਹੀ ਹੈ, ਜੋ ਵਾਤਾਵਰਣ ਪ੍ਰਦੂਸਣ ਲਈ ਸਭ ਤੋਂ ਵੱਧ ਜ਼ਿੰਮੇਵਾਰ ਹੈ। ਮੋਟਰ ਵਾਹਨਾਂ ਨੇ ਜਿੱਥੇ ਮਨੁੱਖੀ ਜੀਵਨ ਦੀ ਰਫਤਾਰ ਨੂੰ ਤੇਜ਼ ਕੀਤਾ ਅਤੇ ਅਨੇਕਾਂ ਸਹੂਲਤਾਂ ਪ੍ਰਦਾਨ ਕੀਤੀਆਂ, ਉੱਥੇ ਇਨ੍ਹਾਂ ਦੇ ਨਾਲ ਹੋਣ ਵਾਲੇ ਪ੍ਰਦੂਸ਼ਣ ਦੇ ਕਾਰਨ ਅਨੇਕਾਂ ਭਿਅੰਕਰ ਬੀਮਾਰੀਆਂ ਪੈਦਾ ਹੋ ਰਹੀਆਂ ਹਨ। ਵਧਦੇ ਸ਼ਹਿਰੀਕਰਨ ਦੇ ਕਾਰਨ ਫਾਲਤੂ ਕੂੜਾ ਕਰਕਟ, ਗੰਦਗੀ, ਪਲਾਸਟਿਕ ਪਦਾਰਥ ਅਤੇ ਵਿਸੇਸ ਤੌਰ 'ਤੇ ਪਾਲੀਥੀਨ ਬੈਗ ਦੇ ਢੇਰ, ਜੋ ਜਲਦ ਨਸ਼ਟ ਨਹੀਂ ਹੁੰਦੇ, ਵਾਤਾਵਰਨ ਪ੍ਰਦੂਸ਼ਿਤ ਕਰਨ ਵਿੱਚ ਸਭ ਤੋਂ ਅੱਗੇ ਹਨ। ਏਅਰ ਕੰਡੀਸ਼ਨ ਚਲਾਉਣ 'ਤੇ ਨਿਕਲਣ ਵਾਲੀ ਕਲੋਰੋ ਫਲੋਰੋ ਕਾਰਬਨ ਗੈਸ, ਓਜ਼ੋਨ ਪਰਤ ਨੂੰ ਪਤਲਾ ਕਰਨ ਵਿਚ ਸਭ ਤੋਂ ਵੱਡੀ ਭੂਮਿਕਾ ਨਿਭਾ ਰਹੀ ਹੈ।

ਧਾਰਮਿਕ ਸਥਾਨਾਂ 'ਤੇ ਲੱਗੇ ਵੱਡੇ ਸਪੀਕਰ, ਖੁਸ਼ੀ ਦੇ ਮੌਕੇ ਉੱਚੀ ਆਵਾਜ ਵਿਚ ਚਲਦੇ ਡੀ. ਜੇ ਸਿਸਟਮ, ਘਰਾਂ ਵਿੱਚ ਉਚੀ ਅਵਾਜ਼ ਵਿੱਚ ਚਲਦੇ ਟੈਲੀਵਿਜਨ ਅਤੇ ਮਿਊਜ਼ਿਕ ਸਿਸਟਮ ਅਤੇ ਮੋਟਰ ਸਾਈਕਲਾਂ 'ਤੇ ਲੱਗੇ ਪ੍ਰੈਸ਼ਰ ਹਾਰਨ ਦੇ ਕਾਰਨ, ਜਿੱਥੇ ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ, ਉਥੇ ਅਨੇਕਾਂ ਸਰੀਰਕ ਅਤੇ ਮਾਨਸਿਕ ਰੋਗ ਪੈਦਾ ਹੋ ਰਹੇ ਹਨ ਜਿਨ੍ਹਾਂ ਵਿਚ ਸਿਰਦਰਦ, ਤਣਾਅ, ਕੰਨ ਦੇ ਰੋਗ ਨੀਂਦ ਨਾ ਆਉਣ ਦੀ ਬੀਮਾਰੀ ਆਦਿ।


ਸਮੇਂ ਦੀ ਮੰਗ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਦਰਖਤ ਲਗਾਏ ਜਾਣ। ਪੋਲੀਥੀਨ ਬੈਗ ਦਾ ਪ੍ਰਯੋਗ ਨਾ ਹੋਵੇ, ਮੋਟਰ ਗੱਡੀਆਂ 'ਤੇ ਵਿਸ਼ੇਸ਼ ਕਿਸਮ ਦੇ ਸਾਈਲੈਂਸਰ ਲਗਾਏ ਜਾਣ, ਲੈਡ ਰਹਿਤ ਪਟਰੋਲ ਦੀ ਵਰਤੋਂ ਕੀਤੀ ਜਾਵੇ। ਕਾਰਖਾਨਿਆਂ ਵਿੱਚ ਵਿਸ਼ੇਸ਼ ਕਿਸਮ ਦੀਆਂ ਚਿਮਨੀਆਂ ਲੱਗਣ, ਘਰਾਂ ਅਤੇ ਦਫਤਰਾਂ ਵਿਚ ਏਅਰ ਕੰਡੀਸਨਰਾਂ ਦੀ ਘੱਟ ਤੋਂ ਘੱਟ ਵਰਤੋਂ ਹੋਵੇ ਫਤਿਹ ਵਾਤਾਵਰਨ ਦੀ ਸੁਰੱਖਿਆ ਸਬੰਧੀ ਕਾਨੂੰਨਾਂ ਦਾ ਸਖਤੀ ਨਾਲ ਪਾਲਣ ਕੀਤਾ ਜਾਵੇ। ਬੱਚਿਆਂ ਨੂੰ ਸਕੂਲਾਂ ਵਿਚ ਵਾਤਾਵਰਣ ਸਬੰਧੀ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ, ਜੋ ਆਪਣਾ ਬਣਦਾ ਯੋਗਦਾਨ ਪਾ ਸਕਣ। ਆਉ ਅਸੀ ਸਾਰੇ ਮਿਲ ਕੇ ਆਪਣੇ ਵਾਤਾਵਰਨ ਨੂੰ ਪ੍ਰਦੂਸਣ ਮੁਕਤ ਬਣਾਈਏ ਅਤੇ ਇਸ ਧਰਤੀ ਨੂੰ ਸੁਹੱਪਣ ਨਾਲ ਭਰ ਦੇਈਏ। ਅਸੀਂ ਹੁਣ ਵੀ ਸੰਭਲ ਜਾਈਏ , ਅੱਜ ਵਿਸਵ ਵਾਤਾਵਰਨ ਦਿਵਸ ਤੇ ਸਾਨੂੰ ਸਭ ਨੂੰ ਵਾਤਾਵਰਨ ਨੂੰ ਸਾਫ-ਸੁਥਰਾ ਰੱਖਣਾ ਦਾ ਪ੍ਰਣ ਕਰਨਾ ਚਾਹੀਦਾ ਹੈ। ਵਾਤਾਵਰਨ ਨੂੰ ਸਾਫ ਸੁਥਰਾ ਰੱਖਣਾ ਸਾਡਾ ਸਭ ਦਾ ਸਮਾਜਿਕ ਫ਼ਰਜ਼ ਹੈ। ਜੇ ਅਸੀਂ ਕੁਦਰਤ ਦੇ ਨਿਯਮਾਂ ਨਾਲ ਛੇੜਛਾੜ ਕਰਾਂਗੇ ਤਾਂ ਖ਼ਤਰਨਾਕ ਨਤੀਜੇ ਤਾਂ ਸਾਨੂੰ ਹੀ ਭੁਗਤਣੇ ਪੈਣਗੇ।

**ਮਾਸਟਰ ਪ੍ਰੇਮ ਸਰੂਪ ਛਾਜਲੀ (ਸੰਗਰੂਰ)**

# ਧੋਖਾਧੜੀ: ਪੁਲਿਸ ਨੇ ਐਦਾਂ ਫੜੇ, ਤਿੰਨ ਭਾਰਤੀ

## ਕਮਜ਼ੋਰ ਅਤੇ ਬਜ਼ੁਰਗ ਲੋਕਾਂ ਨੂੰ ਫੋਨ ਕਰਕੇ ਹੜੱਪ ਲੈਂਦੇ ਸਨ ਡਾਲਰ-ਕੋਲਡ ਕਾਲਿੰਗ ਕਰਕੇ ਫਸਾ ਲੈਂਦੇ ਸਨ ਆਪਣਾ ਸ਼ਿਕਾਰ

### ਕੁਝ ਪੀੜਤ ਲੋਕ ਇਸ ਧੋਖਾਧੜੀ ਦੇ ਸਦਮੇ ਤੋਂ ਕਦੇ ਨਹੀਂ ਉਭਰ ਸਕਣਗੇ




**ਹਰਜਿੰਦਰ ਸਿੰਘ ਬਸਿਆਲਾ (ਔਕਲੈਂਡ)** ਮਈ 2024 ਵਿੱਚ ਜਦੋਂ ਡੂਨੇਡਿਨ ਸੈਂਟਰਲ ਪੁਲਿਸ ਸਟੇਸ਼ਨ ਵਿੱਚ ਪੁਲਿਸ ਅਫਸਰ ਰਿਕ ਬੋਰਨ ਦੇ ਕੰਪਿਊਟਰ ’ਤੇ ਇੱਕ ਅਪਰਾਧ ਦੀ ਰਿਪੋਰਟ ਆਈ, ਤਾਂ ਉਸਨੂੰ ਇਸ ’ਤੇ ਨਜ਼ਰ ਮਾਰਨ ਲਈ ਕਿਹਾ ਗਿਆ। ਪਹਿਲੀ ਨਜ਼ਰੇ ਇਹ ਕ੍ਰੈਡਿਟ ਕਾਰਡ ਧੋਖਾਧੜੀ ਦਾ ਇੱਕ ਦੁਹਰਾਇਆ ਗਿਆ ਸ਼ਿਕਾਰ ਜਾਪਦਾ ਸੀ, ਪਰ ਇਹ ਕੁਝ ਬਹੁਤ ਵੱਡਾ ਨਿਕਲਿਆ: ਨਿਊਜ਼ੀਲੈਂਡ ਵਿੱਚ ਸਰਗਰਮ ਇੱਕ ਸੰਗਠਿਤ ਅਪਰਾਧਿਕ ਗਿਰੋਹ, ਜਿਸਦਾ ਨਤੀਜਾ ਪਿਛਲੇ ਹਫਤੇ ਤਿੰਨ ਵਿਅਕਤੀਆਂ ਨੂੰ ਜੇਲ੍ਹ ਭੇਜਣ ਨਾਲ ਨਿਕਲਿਆ। ‘ਆਪ੍ਰੇਸ਼ਨ ਕੋਲਡ ਰਿਮੋਟ’ ਦੀ ਅਗਵਾਈ ਕਰਨ ਵਾਲੇ ਵਿਅਕਤੀ ਬੋਰਨ ਨੇ ਇਸ ਕੇਸ ਬਾਰੇ ਗੱਲ ਕੀਤੀ ਹੈ।

ਬੋਰਨ ਨੂੰ ਪਤਾ ਲੱਗਾ ਕਿ ਦੋ ਵਿਅਕਤੀਆਂ ਨੇ ਔਕਲੈਂਡ ਵਿੱਚ 10,000 ਡਾਲਰ ਦੀ ਕੀਮਤ ਦੀਆਂ ਕੀਮਤੀ ਧਾਤਾਂ ਦਾ ਪੈਕੇਜ ਧੋਖਾਧੜੀ ਤਹਿਤ ਚੁੱਕਣਾ ਸੀ। ਉਹ ਉਸ ਵਾਹਨ ਦੀ ਰਜਿਸਟਰੇਸ਼ਨ ਤੱਕ ਪਹੁੰਚਣ ਵਿੱਚ ਕਾਮਯਾਬ ਰਿਹਾ ਜੋ ਉਹ ਚਲਾ ਰਹੇ ਸਨ ਅਤੇ ਉਸਨੂੰ ਦੋ ਵਿਅਕਤੀਆਂ ਦੀ ਕੈਮਰਾ ਫੁਟੇਜ ਮਿਲੀ, ਜਿਸ ਵਿੱਚ ਇੱਕ ਡਰਾਈਵਰ ਸੀਟ ’ਤੇ ਸੀ ਅਤੇ ਦੂਜਾ ਡੈਸ਼ਬੋਰਡ ’ਤੇ ਪੈਰ ਰੱਖ ਕੇ ਫੋਨ ’ਤੇ ਸੀ, ਜੋ ਪਿਕ-ਅੱਪ ਵਾਲੀ ਥਾਂ ਤੋਂ ਕਈ ਬਲਾਕ ਦੂਰ ਖੜ੍ਹੇ ਸਨ।

ਬੋਰਨ ਨੇ ਡਰਾਈਵਰ ਦੀ ਪਛਾਣ ਪਰਗਟ ਭੰਗੂ ਵਜੋਂ ਕੀਤੀ, ਜੋ ਕਿ ਮਨੀ ਲਾਂਡਰਿੰਗ ਦਾ ਦੋਸ਼ੀ ਸੀ, ਅਤੇ ਕਾਰ ਮਾਲਕ ਗੁਰਵਿੰਦਰ ਸਿੰਘ ਜੋ ਪੈਸੰਜਰ ਸੀਟ ’ਤੇ ਸੀ। ਇਸ ਨੇ ਬੋਰਨ ਅਤੇ ਇੱਕ ਛੋਟੀ ਟੀਮ ਨੂੰ ਇੱਕ ਸੰਗਠਿਤ ਅਪਰਾਧ ਗਿਰੋਹ ਦਾ ਪਰਦਾਫਾਸ਼ ਕਰਨ ਲਈ ਪ੍ਰੇਰਿਤ ਕੀਤਾ ਜੋ ਸਪਾਰਕ ਜਾਂ ਦੇਸ਼ ਦੇ ਕੁਝ ਵੱਡੇ ਬੈਂਕਾਂ ਦੇ ਪ੍ਰਤੀਨਿਧੀ ਹੋਣ ਦਾ ਦਿਖਾਵਾ ਕਰਦੇ ਹੋਏ ਕਮਜ਼ੋਰ ਪੀੜਤਾਂ ਨੂੰ ਕੋਲਡ ਕਾਲਿੰਗ ਕਰਨ ਵਿੱਚ ਮਾਹਰ ਸੀ। ਬਾਅਦ ਵਿੱਚ, ਜਾਂਚ ਦੇ ਹਿੱਸੇ ਵਜੋਂ, ਪੁਲਿਸ ਨੇ ਉਹ ਆਈਫੋਨ ਬਰਾਮਦ ਕੀਤਾ ਜੋ ਗਰੁੱਪ ਵਰਤ ਰਿਹਾ ਸੀ, ਜਿਸ ਵਿੱਚ ਪੰਜ ਮਹੀਨਿਆਂ ਦੀ ਮਿਆਦ ਵਿੱਚ 13 ਵੱਖ-ਵੱਖ ਸਿਮ ਕਾਰਡਾਂ ਦੀ ਵਰਤੋਂ ਕੀਤੀ ਗਈ ਸੀ।

ਬੋਰਨ ਨੇ ਕਿਹਾ, ਸਾਨੂੰ ਪਤਾ ਸੀ ਕਿ ਉਹ ਫੋਨ ਮਹੱਤਵਪੂਰਨ ਸੀ। ਪੁਲਿਸ ਫਿਰ ਅਪਰਾਧਾਂ ਨੂੰ ਜੋੜਨ ਅਤੇ ਸਕੈਮ ਕਾਲਰਾਂ ਦੁਆਰਾ ਦਿੱਤੇ ਗਏ ਨਕਲੀ ਨਾਮ - ਅਕਸਰ ਸਟੀਵ ਵਿਲੀਅਮਜ਼ - ਜਾਂ ਉਹਨਾਂ ਦੁਆਰਾ ਦੱਸੇ ਗਏ ਜੌਬ ਨੰਬਰਾਂ ਰਾਹੀਂ ਅਪਰਾਧ ਦੇ ਪੀੜਤਾਂ ਦੀ ਪਛਾਣ ਕਰਨ ਦੇ ਯੋਗ ਹੋ ਗਈ। ਇੱਕ ਜੌਬ ਨੰਬਰ, ਅਤੇ ਨਤੀਜੇ ਵਜੋਂ ਪੁਲਿਸ ਫਾਈਲ ਨੰਬਰ, ਬੋਰਨ ਦੀ ਯਾਦ ਵਿੱਚ ਪੱਕੇ ਤੌਰ ’ਤੇ ਉੱਕਰੇ ਹੋਏ ਹਨ: ਉਹ ਨਾਮ, ਕੰਮ ਅਤੇ ਫਾਈਲ ਨੰਬਰ ਮੇਰੇ ਮਰਨ ਤੱਕ ਮੇਰੇ ਨਾਲ ਰਹਿਣਗੇ, ਅਸੀਂ ਦੋ ਸਾਲਾਂ ਤੋਂ ਇਸ ਨੂੰ ਜੀ ਰਹੇ ਹਾਂ।

ਬੋਰਨ, ਜਿਸਨੇ ਨਿਊਜ਼ੀਲੈਂਡ ਆਉਣ ਤੋਂ ਪਹਿਲਾਂ ਲਿੰਕਨਸ਼ਾਇਰ ਪੁਲਿਸ ਲਈ ਡਿਟੈਕਟਿਵ ਇੰਸਪੈਕਟਰ ਵਜੋਂ ਸੇਵਾ ਨਿਭਾਈ ਸੀ, ਸਾਊਦਰਨ ਡਿਸਟ੍ਰਿਕਟ ਦੀ ਇਨਵੈਸਟੀਗੇਟਿਵ ਸਪੋਰਟ ਯੂਨਿਟ ਚਲਾਉਂਦਾ ਹੈ। ਇਨਵਰਕਾਰਗਿਲ, ਰੌਕਸਬਰਗ ਅਤੇ ਵਾਂਗਾਰੇਈ ਵਰਗੇ ਦੂਰ-ਦੁਰਾਡੇ ਦੇ ਪੁਲਿਸ ਅਧਿਕਾਰੀਆਂ ਦੇ ਸਹਿਯੋਗ ਨਾਲ, ਉਸਨੇ ਜਾਂਚ ਵਿੱਚ ਸਹਾਇਤਾ ਕੀਤੀ ਜਿਸ ਵਿੱਚ 30 ਪੀੜਤਾਂ ਦੀ ਪਛਾਣ ਕੀਤੀ ਗਈ ਜਿਨ੍ਹਾਂ ਨਾਲ 833,000 ਡਾਲਰ ਦੀ ਠੱਗੀ ਮਾਰੀ ਗਈ ਸੀ।

ਉਸ ਸੰਗਠਿਤ ਅਪਰਾਧ ਸਮੂਹ ਦੇ ਮੈਂਬਰਾਂ ਪਰਗਟ ਭੰਗੂ, ਗੁਰਵਿੰਦਰ ਸਿੰਘ ਅਤੇ ਇੱਕ ਹੋਰ ਵਿਅਕਤੀ ਹਰਮਨਦੀਪ ਸਿੰਘ, ਜਿਸਨੂੰ 10 ਦਸੰਬਰ 2024 ਨੂੰ ਦੇਸ਼ ਤੋਂ ਭੱਜਣ ਦੀ ਕੋਸ਼ਿਸ਼ ਕਰਦੇ ਹੋਏ ਗ੍ਰਿਫਤਾਰ ਕੀਤਾ ਗਿਆ ਸੀ—ਨੂੰ ਵੀਰਵਾਰ ਨੂੰ ਆਕਲੈਂਡ ਜ਼ਿਲ੍ਹਾ ਅਦਾਲਤ ਵਿੱਚ ਸਜ਼ਾ ਸੁਣਾਈ ਗਈ। ਗੁਰਵਿੰਦਰ ਸਿੰਘ ਅਤੇ ਭੰਗੂ ਦੀ ਪਛਾਣ ਜਾਂਚ ਦੇ ਸ਼ੁਰੂ ਵਿੱਚ ਹੀ ਹੋ ਗਈ ਸੀ, ਅਤੇ ਪੁਲਿਸ ਦੁਆਰਾ ਸੂਚੀਬੱਧ ਕੀਤਾ ਗਿਆ ਸੀ, ਜਿਨ੍ਹਾਂ ਨੂੰ ਬਾਅਦ ਵਿੱਚ 19 ਜੁਲਾਈ 2024 ਨੂੰ ਟਾਇਪੋ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ।

ਅਦਾਲਤੀ ਦਸਤਾਵੇਜ਼ ਦਰਸਾਉਂਦੇ ਹਨ ਕਿ ਇਸ ਸਕੈਮ ਵਿੱਚ ਸ਼ਾਮਲ ਵਿਅਕਤੀ ਕਮਜ਼ੋਰ ਅਤੇ ਬਜ਼ੁਰਗ ਲੋਕਾਂ ਨੂੰ ਫੋਨ ਕਰਦੇ ਸਨ, ਅਤੇ ਉਹਨਾਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕਰਦੇ ਸਨ ਕਿ ਉਹ ਕੰਪਨੀ ਦੇ ਨੁਮਾਇੰਦੇ ਹਨ ਜੋ ਮਦਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਇੱਕ ਵਾਰ ਜਦੋਂ ਉਹਨਾਂ ਦਾ ਭਰੋਸਾ ਜਿੱਤ ਲਿਆ ਜਾਂਦਾ, ਤਾਂ ਪੀੜਤਾਂ ਨੂੰ ਉਹਨਾਂ ਦੇ ਕੰਪਿਊਟਰ ’ਤੇ ’ਰਿਮੋਟ ਐਕਸੈਸ’ ਸੌਫਟਵੇਅਰ ਸਥਾਪਤ ਕਰਨ ਲਈ ਧੋਖਾ ਦਿੱਤਾ ਜਾਂਦਾ ਸੀ, ਜਿਸ ਨਾਲ ਉਹਨਾਂ ਨੂੰ ਨਿੱਜੀ ਜਾਣਕਾਰੀ, ਈਮੇਲ ਅਤੇ ਬੈਂਕ ਖਾਤੇ ਪ੍ਰਾਪਤ ਕਰਨ ਦੀ ਇਜਾਜ਼ਤ ਮਿਲ ਜਾਂਦੀ ਸੀ।

ਉਹ ਵਿਅਕਤੀ ਦੇ ਖਾਤੇ ਵਿੱਚੋਂ ਪੈਸੇ ਟਰਾਂਸਫਰ ਕਰਦੇ ਸਨ, ਅਤੇ ਕਈ ਵਾਰ ਅਜਿਹੇ ਵਿਅਕਤੀ ਦੇ ਖਾਤੇ ਵਿੱਚ ਜੋ ਉਹਨਾਂ ਨੇ ਭਰਤੀ ਕੀਤਾ ਹੁੰਦਾ ਸੀ। ਕਈ ਵਾਰ ਉਹ ਚੀਜ਼ਾਂ ਖਰੀਦਦੇ ਸਨ, ਜਿਸ ਨਾਲ ਪੀੜਤਾਂ ਸਿਰ ਵਾਧੂ ਕਰਜ਼ਾ ਚੜ੍ਹ ਜਾਂਦਾ ਸੀ। ਦੋਸ਼ੀ ਕਈ ਵਾਰ ਪੀੜਤਾਂ ਦੇ ਕ੍ਰੈਡਿਟ ਕਾਰਡਾਂ ਤੋਂ ਨਕਦੀ ਕਢਵਾ ਲੈਂਦੇ ਸਨ। ਇੱਕ ਕੇਸ ਵਿੱਚ, ਜੁਲਾਈ 2024 ਦੇ ਅਖੀਰ ਵਿੱਚ ਇੱਕ 89 ਸਾਲਾ ਵਿਅਕਤੀ ਦੇ ਬੈਂਕ ਖਾਤੇ ਵਿੱਚੋਂ ਕਈ ਲੈਣ-ਦੇਣ ਵਿੱਚ ਲਗਭਗ 60,000 ਡਾਲਰ ਕੱਢ ਲਏ ਗਏ ਸਨ। ਤੱਥਾਂ ਦੇ ਸਾਰ ਵਿੱਚ ਨੋਟ ਕੀਤਾ ਗਿਆ ਹੈ ਕਿ ਉਹਨਾਂ ਵਿੱਚੋਂ ਇੱਕ ਲੈਣ-ਦੇਣ - 9800 ਡਾਲਰ ਲਈ - ਸੈਕਸ ਟੌਏ ਵਜੋਂ ਲੇਬਲ ਕੀਤਾ ਗਿਆ ਸੀ, ਜਿਸ ਨਾਲ ਪੀੜਤ ਨੂੰ ਸ਼ਰਮਿੰਦਗੀ ਹੋਣ ਦੀ ਸੰਭਾਵਨਾ ਸੀ।

ਇਹ ਸਕੈਮ ਇੱਕ ਕਾਲ ਨਾਲ ਸ਼ੁਰੂ ਹੋਇਆ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਫੋਨ ਕਰਨ ਵਾਲਾ ਵਿਅਕਤੀ, ਜੋ ਇੱਕ ਲਹਿਜੇ ਨਾਲ ਬੋਲਦਾ ਸੀ, ਏ. ਐਨ. ਜ਼ੈਡ ਦਾ ਇੱਕ ਫਰਾਡ ਅਫਸਰ ਸੀ। ਕਾਲ ਪੰਜ ਘੰਟੇ ਚੱਲੀ, ਪੀੜਤ ਬਾਅਦ ਵਿੱਚ ਸੌਣ ਚਲਾ ਗਿਆ ਪਰ ਫੋਨ ’ਤੇ ਹੀ ਰਿਹਾ ਕਿਉਂਕਿ ਕਾਲਰ ਨੇ ਉਹਨਾਂ ਨੂੰ ਸੁਰੱਖਿਅਤ ਰੱਖਣ ਦਾ ਵਾਅਦਾ ਕੀਤਾ ਸੀ।

ਮੁਲਜ਼ਮਾਂ ਨੇ ਆਪਣੀ ਨਿੱਜੀ ਅਤੇ ਬੈਂਕਿੰਗ ਜਾਣਕਾਰੀ, ਜਿਸ ਵਿੱਚ ਕਾਰਡ, ਪਿੰਨ ਨੰਬਰ ਅਤੇ ਪਾਸਵਰਡ ਸ਼ਾਮਲ ਸਨ, ਤੱਕ ਪਹੁੰਚ ਪ੍ਰਾਪਤ ਕਰਨ ਲਈ ਬੇਘਰ ਲੋਕਾਂ ਨੂੰ ਵੀ ਭਰਤੀ ਕੀਤਾ ਸੀ। ਉਹਨਾਂ ਖਾਤਿਆਂ ਦੀ ਵਰਤੋਂ ਚੋਰੀ ਕੀਤੇ ਪੈਸਿਆਂ ਨੂੰ ਲਾਂਡਰ ਕਰਨ ਲਈ ਕੀਤੀ ਜਾਂਦੀ ਸੀ, ਜਿਸ ਵਿੱਚ ਮੁਲਜ਼ਮ ਏ. ਟੀ. ਐਮ. ਤੋਂ ਵੱਡੀ ਰਕਮ ਕਢਵਾਉਂਦੇ ਸਨ। ਬੋਰਨ ਨੇ ਕਿਹਾ ਕਿ ਸਬੂਤ ਦਾ ਇੱਕ ਮਹੱਤਵਪੂਰਨ ਹਿੱਸਾ 5 ਦਸੰਬਰ 2024 ਨੂੰ ਹਰਮਨਦੀਪ ਸਿੰਘ ਦੇ ਟੌਰੰਗਾ ਸਥਿਤ ਘਰ ਤੋਂ ਇੱਕ ਨੋਟਬੁੱਕ ਦੀ ਬਰਾਮਦਗੀ ਸੀ। ਉਸ ਨੋਟਬੁੱਕ ਵਿੱਚ ਕਈ ਲੈਣ-ਦੇਣ ਦੀ ਸੂਚੀ ਸੀ, ਅਤੇ ਇਸ ਵਿੱਚ ਹਰਮਨਦੀਪ ਸਿੰਘ ਅਤੇ ਪਰਗਟ ਭੰਗੂ ਦੇ ਉਂਗਲਾਂ ਦੇ ਨਿਸ਼ਾਨ ਵੀ ਸਨ। ਪੁਲਿਸ ਨੇ ਚਾਰ ਹੋਰ ਘੁਟਾਲਿਆਂ ਵਿੱਚ ਵਰਤੇ ਗਏ ਬੈਂਕ ਕਾਰਡ ਵੀ ਬਰਾਮਦ ਕੀਤੇ ਹਨ।

ਦੋਵਾਂ ਨੇ ਪੁਲਿਸ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਬੋਰਨ ਨੇ ਕਿਹਾ: ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਹਨਾਂ ’ਤੇ ਇੱਕ ਸੰਗਠਿਤ ਅਪਰਾਧਿਕ ਸਮੂਹ ਵਿੱਚ ਹਿੱਸਾ ਲੈਣ ਦਾ ਦੋਸ਼ ਲਗਾਉਣਾ ਅਸਲ ਵਿੱਚ ਮੁੱਖ ਅਪਰਾਧੀਆਂ ਵਜੋਂ ਉਹਨਾਂ ਦੀ ਸ਼ਮੂਲੀਅਤ ਨੂੰ ਦਰਸਾਉਂਦਾ ਹੈ... ਪੂਰੇ ਨਿਊਜ਼ੀਲੈਂਡ ਵਿੱਚ ਕਮਜ਼ੋਰ ਪੀੜਤਾਂ ਅਤੇ ਕਈ ਵਾਰ ਬੇਘਰ ਲੋਕਾਂ ਦੀ ਵਰਤੋਂ ਕਰਨਾ ਉਹਨਾਂ ਦੀ ਬੇਰਹਿਮੀ ਨੂੰ ਦਰਸਾਉਂਦਾ ਹੈ।

ਅਦਾਲਤਾਂ ਨੇ ਸ਼ੁਰੂ ਤੋਂ ਹੀ ਮੁਲਜ਼ਮਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਇਹ ਅਪਰਾਧੀ ਕਿਤੇ ਵੀ ਅਪਰਾਧ ਕਰ ਸਕਦੇ ਹਨ, ਪਰ ਜੇਲ੍ਹ ਤੋਂ ਨਹੀਂ। ਭੰਗੂ ਨੂੰ ਤਿੰਨ ਸਾਲ ਅੱਠ ਮਹੀਨੇ ਦੀ ਜੇਲ੍ਹ, ਗੁਰਵਿੰਦਰ ਸਿੰਘ ਨੂੰ ਦੋ ਸਾਲ ਦੀ ਜੇਲ੍ਹ ਅਤੇ ਹਰਮਨਦੀਪ ਸਿੰਘ ਨੂੰ ਦੋ ਸਾਲ ਅੱਠ ਮਹੀਨੇ ਦੀ ਜੇਲ੍ਹ।

ਬੋਰਨ ਨੇ ਸਮਝਿਆ ਕਿ ਇਹ ਤਿੰਨੋਂ ਵਿਅਕਤੀ ਹੁਣ ਨਿਊਜ਼ੀਲੈਂਡ ਵਿੱਚ ਗੈਰ-ਕਾਨੂੰਨੀ ਤੌਰ ’ਤੇ ਸਨ, ਅਤੇ ਉਹਨਾਂ ਨੂੰ ਡਿਪੋਰਟ ਕੀਤੇ ਜਾਣ ਦੀ ਸੰਭਾਵਨਾ ਹੈ। ਭੰਗੂ ਅਤੇ ਹਰਮਨਦੀਪ ਸਿੰਘ ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੇ ਮੁਵੱਕਿਲਾਂ ਨੂੰ ਉਨ੍ਹਾਂ ਦੇ ਭਾਰਤ ਸਥਿਤ ਪਰਿਵਾਰਾਂ ਨੇ ਨਿਊਜ਼ੀਲੈਂਡ ਆਉਣ ਲਈ ਸਹਾਇਤਾ ਦਿੱਤੀ ਸੀ। ਪਰ ਸਜ਼ਾ ਸੁਣਾਉਣ ਵਾਲੇ ਜੱਜ ’ਤੇ ਇਸ ਦਾ ਕੋਈ ਅਸਰ ਨਹੀਂ ਹੋਇਆ, ਜਿਨ੍ਹਾਂ ਨੇ ਪੀੜਤਾਂ ’ਤੇ ਪੈਣ ਵਾਲੇ ਪ੍ਰਭਾਵ ਨੂੰ ਨੋਟ ਕੀਤਾ। 28 ਪੀੜਤਾਂ ਵਿੱਚੋਂ ਦੋ ਦੀ ਮੌਤ ਹੋ ਚੁੱਕੀ ਸੀ। ਕਈਆਂ ਨੇ ਆਪਣੀ ਸਾਰੀ ਬਚਤ ਗੁਆ ਦਿੱਤੀ ਸੀ, ਕਈ ਹੁਣ ਆਪਣੇ ਘਰਾਂ ਵਿੱਚ ਸੁਰੱਖਿਅਤ ਮਹਿਸੂਸ ਨਹੀਂ ਕਰਦੇ ਸਨ, ਅਤੇ ਸਾਰੇ ਦੋਸ਼ੀ ਮਹਿਸੂਸ ਕਰਦੇ ਸਨ: ਉਹ ਆਪਣੇ ਆਪ ਨੂੰ ਦੋਸ਼ ਦਿੰਦੇ ਹਨ। ਬੋਰਨ ਨੇ ਕਿਹਾ, ਸਾਡੇ ਕੋਲ ਇੱਕ ਪੀੜਤ ਹੈ ਜੋ ਲਾਈਟ ਜਗਾਏ ਬਿਨਾਂ ਹੁਣ ਸੌਣ ਨਹੀਂ ਜਾਵੇਗਾ। ਵਿੱਤੀ ਤੌਰ ’ਤੇ ਇਸਦਾ ਪ੍ਰਭਾਵ... ਕੁਝ ਲੋਕ ਇਸ ਤੋਂ ਕਦੇ ਨਹੀਂ ਉਭਰ ਸਕਣਗੇ।

ਬੋਰਨ ਨੇ ਕਿਹਾ ਕਿ ਲੋਕਾਂ ਨੂੰ ਕਦੇ ਵੀ ਈਮੇਲ, ਫੋਨ ਕਾਲ ਜਾਂ ਟੈਕਸਟ ਮੈਸੇਜ ’ਤੇ ਭਰੋਸਾ ਨਹੀਂ ਕਰਨਾ ਚਾਹੀਦਾ ਜਦੋਂ ਤੱਕ ਉਹ ਨਿਸ਼ਚਤ ਨਾ ਹੋਣ। ਤੁਹਾਨੂੰ ਦਿੱਤੇ ਗਏ ਨੰਬਰ ’ਤੇ ਕਦੇ ਵੀ ਜਵਾਬ ਨਾ ਦਿਓ, ਸਿਰਫ ਪ੍ਰਮਾਣਿਤ ਨੰਬਰਾਂ ’ਤੇ ਕਾਲ ਕਰੋ, ਉਸਨੇ ਕਿਹਾ। ਲੋਕਾਂ ਨੂੰ ਆਪਣੇ ਕ੍ਰੈਡਿਟ ਕਾਰਡ ਦੀ ਸੀਮਾ ਵੀ ਘਟਾਉਣੀ ਚਾਹੀਦੀ ਹੈ, ਅਤੇ ਜੇਕਰ ਕੋਈ ਤੁਹਾਨੂੰ ਇਹ ਦੱਸਣ ਲਈ ਫੋਨ ਕਰਦਾ ਹੈ ਕਿ ਤੁਹਾਡਾ ਕੰਪਿਊਟਰ ਹੌਲੀ ਚੱਲ ਰਿਹਾ ਹੈ: ਉਹਨਾਂ ’ਤੇ ਵਿਸ਼ਵਾਸ ਨਾ ਕਰੋ। ਯਾਦ ਰੱਖੋ: ਤੁਹਾਡੀ ਵਰਤੋਂ ਕੀਤੀ ਜਾ ਰਹੀ ਹੈ।

ਬੋਰਨ ਨੇ ਕਿਹਾ ਕਿ ਨਿਊਜ਼ੀਲੈਂਡ ਦੇ ਲੋਕ ਬਹੁਤ ਭਰੋਸੇਮੰਦ ਹਨ, ਪਰ ਉਸ ਭਰੋਸੇ ਦੀ ਦੁਰਵਰਤੋਂ ਇਹਨਾਂ ਤਿੰਨਾਂ ਵਰਗੇ ਅਪਰਾਧੀਆਂ ਦੁਆਰਾ ਕੀਤੀ ਜਾ ਰਹੀ ਹੈ ਜਿਨ੍ਹਾਂ ਨੂੰ ਹੁਣੇ ਜੇਲ੍ਹ ਭੇਜਿਆ ਗਿਆ ਹੈ।

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!

ਕਾਲ: 403 953 1000
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
TWC
TIMELESS WINDOW COVERINGS
E Mail: Contact@twcoverings.com
Web: www.twcoverings.com
Timelesswindowcoverings
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।

partners Development Group

ਸਾਨੂੰ ਲੱਗਦਾ ਹੈ ਕਿ ਤੁਸੀਂ ਸਹਿਮਤ ਹੋਵੋਗੇ:

## ਸਾਡਾ ਛੋਟਾ ਭਾਈਚਾਰਾ ਇੱਕ ਬਹੁਤ ਵੱਡੇ ਜੰਪ ਦੀ ਪੇਸ਼ਕਸ਼ ਕਰਦਾ ਹੈ

IN HOME & LIFESTYLE



**Keystone Creek:** ਇੱਥੇ ਜ਼ਿੰਦਗੀ ਸੁਹਜ, ਸੰਪਰਕ ਅਤੇ ਸਹੂਲਤ ਨਾਲ ਭਰਪੂਰ ਹੈ।

ਨੋਜ਼ ਕਰੀਕ ਦੇ ਨਾਲ ਸਥਿਤ ਅਤੇ ਰੋਜ਼ਾਨਾ ਜ਼ਰੂਰੀ ਚੀਜ਼ਾਂ ਤੋਂ ਕੁਝ ਮਿੰਟਾਂ ਦੀ ਦੂਰੀ 'ਤੇ, ਕੀਸਟੋਨ ਕਰੀਕ ਨੌਰਥ ਕੈਲਗਰੀ ਦਾ ਸਭ ਤੋਂ ਵਧੀਆ ਗੁਪਤ ਰਾਜ਼ ਹੈ। ਸੋਚ-ਸਮਝ ਕੇ ਡਿਜ਼ਾਈਨ ਕੀਤਾ ਗਿਆ ਅਤੇ ਕਿਫਾਇਤੀ ਢੰਗ ਨਾਲ ਡਿਲੀਵਰ ਕੀਤਾ ਗਿਆ, ਇਸ ਬੁਟੀਕ ਕਮਿਊਨਿਟੀ ਵਿੱਚ ਸਿਰਫ਼ ਤਿੰਨ ਪੜਾਅ ਹਨ, ਜੋ ਇਸਨੂੰ ਪ੍ਰਾਪਤ ਕਰਨ ਦੇ ਬਰਾਬਰ ਵਿਸ਼ੇਸ਼ ਬਣਾਉਂਦੇ ਹਨ।

ਭਾਵੇਂ ਤੁਸੀਂ ਨਵੀਂ ਸ਼ੁਰੂਆਤ ਕਰ ਰਹੇ ਹੋ, ਉੱਪਰ ਜਾ ਰਹੇ ਹੋ, ਜਾਂ ਸਮਾਰਟ ਆਕਾਰ ਘਟਾ ਰਹੇ ਹੋ, ਕੀਸਟੋਨ ਕਰੀਕ ਕੋਨੇ ਕੱਟੇ ਬਿਨਾਂ ਅਸਲ ਮੁੱਲ ਪ੍ਰਦਾਨ ਕਰਦਾ ਹੈ। ਅੱਜ ਹੀ ਸਾਡੇ ਨਾਲ ਮੁਲਾਕਾਤ ਕਰੋ।

COME TOUR 6 SHOWHOMES — FIND YOUR NEW NORTH

| STREET TOWNS | REAR LANED DUPLEXES | REAR LANED HOMES | FRONT DRIVE HOMES |
|---|---|---|---|
| FROM THE $460s | FROM THE $530s | FROM THE $575s | FROM THE $675s |
| Partners Homes | Partners Homes | Genesis Builders & NuVista Homes | Genesis Builders & NuVista Homes |

MODERN STYLE MEETS EVERYDAY EASE

- Nestled beside Nose Creek
- Playgrounds & green spaces
- Pathways connected to the Rotary Greenway
- Easy access to Stoney Trail & Deerfoot Trail

YOUR STYLE. YOUR SPACE. YOUR NORTH.

START YOUR HOME SEARCH HERE
Find maps and more at KeystoneCreek.ca

KEYSTONE CREEK
a partners community



Homestead

partners Development Group

## ਘਰ ਨੂੰ ਪਿਆਰ ਜੀਵਨਸ਼ੈਲੀ ਨੂੰ ਪਿਆਰ ਕੀਮਤਾਂ ਨੂੰ ਪਿਆਰ



PLANT YOUR ROOTS IN HOMESTEAD
MADE FOR FAMILIES

### ਅਸਲੀ ਕੀਮਤ ਇੱਥੇ ਹੈ ਅਤੇ ਤੁਹਾਨੂੰ ਵੀ ਇਹੀ ਚਾਹੀਦੀ ਹੈ।

ਇਹ ਸਭ ਕੁਝ ਹੋਮਸਟੇਡ ਵਿੱਚ ਹੈ, ਉੱਤਰ-ਪੂਰਬੀ ਭਾਈਚਾਰਾ ਜੋ ਹੈਰਾਨੀਜਨਕ ਤੌਰ 'ਤੇ ਕਿਫਾਇਤੀ ਨਵੇਂ ਘਰਾਂ ਨੂੰ ਕੁਦਰਤ, ਸੰਪਰਕ ਅਤੇ ਸਹੂਲਤ ਨਾਲ ਜੋੜਦਾ ਹੈ। ਖੁੱਲ੍ਹੀਆਂ ਥਾਵਾਂ, ਸਥਾਨਕ ਸਹੂਲਤਾਂ, ਸਵਾਗਤ ਕਰਨ ਵਾਲੇ ਗੁਆਂਢੀ, ਅਤੇ ਵਿਸ਼ਾਲ ਪਹਾੜੀ ਦ੍ਰਿਸ਼ ਸਭ ਇੱਕ ਅਜਿਹੀ ਜਗ੍ਹਾ ਬਣਾਉਣ ਲਈ ਇਕੱਠੇ ਹੁੰਦੇ ਹਨ ਜੋ ਜ਼ਮੀਨੀ ਅਤੇ ਪਿਆਰ ਕਰਨ ਵਿੱਚ ਆਸਾਨ ਮਹਿਸੂਸ ਹੁੰਦੀ ਹੈ।

ਇਹ ਦੋਸਤਾਨਾ, ਜਾਣੂ ਅਤੇ ਜੀਵਨ ਨਾਲ ਭਰਪੂਰ ਹੈ, ਅਤੇ ਇਹ ਇੱਕ ਆਂਢ-ਗੁਆਂਢ ਤੋਂ ਵੱਧ ਹੈ। ਇਹ ਤੁਹਾਡਾ ਹੋਮਸਟੇਡ ਹੈ

**ਪ੍ਰੀਮੀਅਮ ਕਮਿਊਨਿਟੀ ਸਹੂਲਤਾਂ:**

* 4 ਕਿਲੋਮੀਟਰ ਪੈਦਲ ਰਸਤੇ
* 19 ਏਕੜ ਕੁਦਰਤੀ ਵੈਟਲੈਂਡ
* ਖੇਡ ਦੇ ਮੈਦਾਨ ਅਤੇ ਖੇਡ ਕੋਰਟ
* ਕ੍ਰਿਕਟ ਪਿੱਚ, ਫੁੱਟਬਾਲ ਦੇ ਮੈਦਾਨ ਅਤੇ ਹੋਰ ਬਹੁਤ ਕੁੱਝ

| Duplex Homes | Rear Laned Homes | Front Drive Homes |
|---|---|---|
| FROM THE HIGH $490s | FROM THE MID $500s | FROM THE HIGH $600s |
| Partners Homes | Excel Homes & Trico Homes | Excel Homes, Genesis Builders & Trico Homes |

Visit our stylish showhomes today

Homestead
plant your roots

Find maps, hours, builders and more at LiveInHomestead.ca

Calgary

# ਘਾਹ, ਬਗੀਚੇ ਅਤੇ ਬੂਟਿਆਂ ਨੂੰ ਪਾਣੀ ਲਾਉਣ ਦੀ ਸਮਾਂ-ਸਾਰਣੀ



## ਆਪਣੇ ਪਾਣੀ ਦੇ ਸਰੋਤਾਂ ਦੀ ਸੰਭਾਲ ਲਈ ਵਾਰੀ-ਵਾਰੀ ਯੋਗਦਾਨ ਪਾਈਏ।

**ਆਪਣੇ ਘਾਹ (Lawn) ਲਾਅਨ ਜਾਂ ਬੂਟਿਆਂ (Landscape) ਨੂੰ ਪਾਣੀ ਦੇਣਾ (ਸਪ੍ਰਿੰਕਲਰ ਜਾਂ ਸਿੰਚਾਈ ਪ੍ਰਣਾਲੀ ਰਾਹੀਂ)**

ਆਪਣੇ ਘਰ ਦੇ ਪਤੇ ਅਨੁਸਾਰ ਘਾਹ ਅਤੇ ਬੂਟਿਆਂ ਨੂੰ ਹਫ਼ਤੇ ਵਿੱਚ ਸਿਰਫ 3 ਦਿਨ ਹੀ ਪਾਣੀ ਦੇਵੋ।

**ਜੇਕਰ ਤੁਹਾਡੇ ਘਰ ਦਾ ਰਿਹਾਇਸ਼ੀ ਪਤਾ 0, 2, 4, 6, 8 ਨਾਲ ਖਤਮ ਹੁੰਦਾ ਹੈ**
ਦਿਨ : ਮੰਗਲਵਾਰ, ਵੀਰਵਾਰ, ਸ਼ਨੀਵਾਰ
ਸਮਾਂ ਸਵੇਰੇ 12 ਵਜੇ ਤੋਂ 10 ਵਜੇ ਤੱਕ ਅਤੇ ਸ਼ਾਮ 7:00 ਤੋਂ ਰਾਤ 11:59 ਵਜੇ ਤੱਕ

**ਜੇਕਰ ਤੁਹਾਡੇ ਘਰ ਦਾ ਰਿਹਾਇਸ਼ੀ ਪਤਾ 1,3,5,7,9 ਨਾਲ ਖਤਮ ਹੁੰਦਾ ਹੈ**
ਦਿਨ: ਬੁੱਧਵਾਰ, ਸ਼ੁੱਕਰਵਾਰ, ਐਤਵਾਰ
ਸਮਾਂ ਸਵੇਰੇ 12 ਵਜੇ ਤੋਂ 10 ਵਜੇ ਤੱਕ ਅਤੇ ਸ਼ਾਮ 7:00 ਤੋਂ ਰਾਤ 11:59 ਵਜੇ ਤੱਕ

ਵਧੇਰੇ ਜਾਣਕਾਰੀ **calgary.ca/whentowater**

**ਕਿਸੇ ਵੀ ਦਿਨ, ਕਿਸੇ ਵੀ ਸਮੇਂ ਇਜਾਜ਼ਤ ਹੈ:**

- ਹੱਥ ਨਾਲ ਪਾਣੀ ਦੇਣ ਵਾਲੇ ਲੈਂਡਸਕੇਪ (ਘਾਹ ਨੂੰ ਛੱਡ ਕੇ) ਇੱਕ ਹੋਜ਼ ਜਾਂ ਪਾਣੀ ਦੇਣ ਵਾਲੇ ਡੱਬੇ (ਕੈਨ) ਨਾਲ।
- ਨਵੇਂ ਲਗਾਏ ਗਏ ਘਾਹ, ਰੁੱਖਾਂ ਜਾਂ ਬੂਟਿਆਂ ਨੂੰ ਪਾਣੀ ਦੇਣਾ।
- ਫਲਾਂ ਅਤੇ ਸਬਜ਼ੀਆਂ ਨੂੰ ਪਾਣੀ ਦੇਣਾ।
- ਪਾਣੀ ਵਾਲੇ ਵੱਡੇ ਟੱਬ, ਹੌਟ ਟੱਬ (hot tub) ਅਤੇ ਫ਼ੁਹਾਰਿਆਂ ਨੂੰ ਭਰਨਾ ਅਤੇ ਸਪ੍ਰਿੰਕਲਰ ਚਲਾਉਣਾ (ਸਿਰਫ ਜਦੋਂ ਤੁਹਾਡੇ ਬੱਚੇ ਸਪ੍ਰਿੰਕਲਰ ਵਾਲੇ ਪਾਣੀ ਨਾਲ ਖੇਡ ਰਹੇ ਹੋਣ)
- ਖਿੜਕੀਆਂ, ਦਰਵਾਜੇ ਧੋਣੇ, ਡੈੱਕ (deck) ਧੋਣ, ਘਰਾਂ ਦੀ ਫੈਂਸ ਅਤੇ ਸਾਇਡਿੰਗ ਨੂੰ ਧੋਣਾ।

26-0055210 CRV-46505



VANTAGE RISE

## ਇਸ ਘਰ ਲਈ ਕਾਲ ਕਰਨ ਵਾਲੇ ਪਹਿਲੇ ਵਿਅਕਤੀ ਬਣੋ

**PHASE 1 PRE-SALES NOW UNDERWAY!**

| | |
|---|---|
| Townhomes FROM THE LOW | $500s |
| Laned Homes FROM THE HIGH | $500s |
| Front Garage FROM THE LOW | $700s |

ਵੈਂਟੇਜ ਰਾਈਜ਼ ਏਅਰਡਰੀ ਦਾ ਸਭ ਤੋਂ ਨਵਾਂ ਭਾਈਚਾਰਾ ਹੈ ਜੋ ਸ਼ਹਿਰੀ ਸਹੂਲਤ ਨੂੰ ਬਾਹਰੀ ਆਕਰਸ਼ਣ ਨਾਲ ਸੁਚਾਰੂ ਢੰਗ ਨਾਲ ਮਿਲਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਸੋਚ-ਸਮਝ ਕੇ ਯੋਜਨਾਬੱਧ ਆਂਢ-ਗੁਆਂਢ ਵਿੱਚ ਇੱਕ ਗਤੀਸ਼ੀਲ ਵਪਾਰਕ ਸਾਈਟ ਅਤੇ ਉੱਚ-ਗੁਣਵੱਤਾ ਵਾਲੀਆਂ ਬਾਹਰੀ ਥਾਵਾਂ ਹੋਣਗੀਆਂ। ਕਮਿਊਨਿਟੀ ਕਨੈਕਸ਼ਨ ਅਤੇ ਜੀਵੰਤ ਬਾਹਰੀ ਜੀਵਨ 'ਤੇ ਧਿਆਨ ਕੇਂਦਰਿਤ ਕਰਨ ਦੇ ਨਾਲ, ਵੈਂਟੇਜ ਰਾਈਜ਼ ਏਅਰਡਰੀ ਦੇ ਦੱਖਣ-ਪੱਛਮ ਵਿੱਚ ਇੱਕ ਜੀਵੰਤ ਅਤੇ ਸਵਾਗਤਯੋਗ ਜੋੜ ਹੋਣ ਦਾ ਵਾਅਦਾ ਕਰਦਾ ਹੈ।




160 ACRES OF SCENIC LIVING
12.25 ACRE COMMERCIAL SITE
15 ACRES OF ACTIVE OUTDOOR SPACE

**liveinvantagerise.com**
Reach out to a builder to put your lot on hold!
• Broadview Homes • McKee Homes • NuVista Homes • Shane Homes
• Sterling Homes • StreetSide Developments • Trico Homes

WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE. QUALICO communities



## ਉਸ ਆਰਾਮ ਲਈ ਦਰਵਾਜ਼ਾ ਖੋਲ੍ਹੋ ਜੋ ਤੁਸੀਂ ਸੌਖੇ ਸਹਿਣ ਕਰ ਸਕਦੇ ਹੋ

PHASE 3 NOW SELLING

You're invited

**ਫੇਜ 3 ਰਿਲੀਜ ਈਵੈਂਟ**
Saturday, May 23, 1 PM – 4 PM

| | |
|---|---|
| Laned Duplexes from the High | $400s |
| Front Garage Duplexes from the High | $500s |
| Laned Homes from the High | $500s |
| Front Garage Homes from the Mid | $600s |

ਸਾਊਥਬੋਅ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜੋ ਇੱਕ ਸ਼ਾਨਦਾਰ ਲੈਂਡਸਕੇਪ ਦੇ ਕੇਂਦਰ ਵਿੱਚ ਸਥਿਤ,ਆਪਣੇ ਆਲੇ ਦੁਆਲੇ ਦੇ ਕੁਦਰਤੀ ਅਜੂਬਿਆਂ ਨੂੰ ਆਧੁਨਿਕ ਜੀਵਨ ਦੀਆਂ ਇੱਛਾਵਾਂ ਨਾਲ ਸਹਿਜੇ ਹੀ ਜੋੜਦਾ ਹੈ। ਪਹਾੜਾਂ ਅਤੇ ਨਦੀ ਦੀ ਨੇੜਤਾ ਦੀ ਕਦਰ ਕਰਨ ਵਾਲਿਆਂ ਲਈ ਇੱਕ ਪਵਿੱਤਰ ਸਥਾਨ, ਸਾਊਥਬੋਅ ਲੈਂਡਿੰਗ ਦਾ ਵਿਆਪਕ ਦ੍ਰਿਸ਼ਟੀਕੋਣ ਕੁਦਰਤ ਨੂੰ ਭਾਈਚਾਰੇ ਦੀ ਇੱਕ ਮਜ਼ਬੂਤ ਭਾਵਨਾ ਨਾਲ ਸੰਤੁਲਿਤ ਕਰਦਾ ਹੈ।

**southbowlanding.com**
• Daytona Homes • Broadview Homes • Sterling Homes
• Douglas Homes • Trico Homes • NuVista Homes

SOUTHBOW LANDING

WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE. QUALICO communities

# ਕੈਨੇਡਾ ਦੀਆਂ ਸੜਕਾਂ 'ਤੇ ਦੌੜਦੇ ਟਰੱਕ ਬਣੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ



ਮਲਕੀਤ ਸਿੰਘ ਵੈਨਕੂਵਰ (ਕੈਨੇਡਾ)
ਫੋਨ +1236 632 3828



ਕੈਨੇਡਾ ਦੇ ਹਾਈਵੇ 'ਤੇ ਲੰਬੀ ਦੂਰੀ ਤੈਅ ਕਰਦੇ ਹੈਵੀ ਟਰੱਕ ਅਤੇ ਟ੍ਰੇਲਰ।

ਵਿਸ਼ਾਲ ਖੇਤਰਫਲ ਵਾਲੇ ਦੇਸ਼ ਕੈਨੇਡਾ ਵਿੱਚ ਟਰੱਕਿੰਗ ਉਦਯੋਗ ਨੂੰ ਦੇਸ਼ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਬਰਫ਼ੀਲੇ ਪਹਾੜਾਂ, ਲੰਬੇ ਹਾਈਵੇਅਜ਼ ਅਤੇ ਹਜ਼ਾਰਾਂ ਕਿਲੋਮੀਟਰ ਦੀਆਂ ਦੂਰੀਆਂ ਦੇ ਬਾਵਜੂਦ ਟਰੱਕ ਡਰਾਈਵਰ ਦਿਨ-ਰਾਤ ਸੜਕਾਂ 'ਤੇ ਰਹਿ ਕੇ ਦੇਸ਼ ਦੀ ਸਪਲਾਈ ਚੇਨ ਨੂੰ ਚਲਾਉਂਦੇ ਹਨ। ਖੁਰਾਕੀ ਸਮਾਨ ਤੋਂ ਲੈ ਕੇ ਦਵਾਈਆਂ, ਮਸ਼ੀਨਰੀ, ਲੱਕੜ, ਵਾਹਨ ਅਤੇ ਹੋਰ ਜ਼ਰੂਰੀ ਵਸਤਾਂ ਹਰ ਰੋਜ਼ ਟਰੱਕਾਂ ਰਾਹੀਂ ਇੱਕ ਸੂਬੇ ਤੋਂ ਦੂਜੇ ਸੂਬੇ ਤੱਕ ਅਤੇ ਗੁਆਂਢੀ ਮੁਲਕ ਅਮਰੀਕਾ ਦੇ ਕਈ ਸ਼ਹਿਰਾਂ ਤੱਕ ਪਹੁੰਚਾਈਆਂ ਅਤੇ ਮੰਗਵਾਈਆ ਜਾਂਦੀਆਂ ਹਨ।

ਜਾਣਕਾਰੀ ਅਨੁਸਾਰ ਕੈਨੇਡਾ ਵਿੱਚ ਇਸ ਵੇਲੇ ਵੱਡੀ ਗਿਣਤੀ ਵਿੱਚ ਟਰੱਕਿੰਗ ਅਤੇ ਟਰਾਂਸਪੋਰਟ ਕੰਪਨੀਆਂ ਕੰਮ ਕਰ ਰਹੀਆਂ ਹਨ। ਇਨ੍ਹਾਂ ਵਿੱਚ ਛੋਟੀਆਂ ਪਰਿਵਾਰਕ ਕੰਪਨੀਆਂ ਤੋਂ ਲੈ ਕੇ ਵੱਡੀਆਂ ਅੰਤਰਰਾਸ਼ਟਰੀ ਟਰਾਂਸਪੋਰਟ ਕੰਪਨੀਆਂ ਤੱਕ ਸ਼ਾਮਲ ਹਨ। ਕਈ ਕੰਪਨੀਆਂ ਕੋਲ ਸੈਂਕੜਿਆਂ ਦੀ ਗਿਣਤੀ ਵਿੱਚ ਹੈਵੀ ਟਰੱਕ ਅਤੇ ਟ੍ਰੇਲਰ ਹਨ, ਜਦਕਿ ਕਈ ਛੋਟੇ ਕਾਰੋਬਾਰੀ 2 ਤੋਂ 10 ਟਰੱਕਾਂ ਨਾਲ ਆਪਣਾ ਕੰਮ ਚਲਾ ਰਹੇ ਹਨ।

ਰਿਪੋਰਟਾਂ ਮੁਤਾਬਕ ਕੈਨੇਡਾ ਵਿੱਚ ਲੱਖਾਂ ਹੈਵੀ ਟਰੱਕ ਹਰ ਰੋਜ਼ ਸੜਕਾਂ 'ਤੇ ਚੱਲਦੇ ਹਨ। ਇਨ੍ਹਾਂ ਟਰੱਕਾਂ ਨੂੰ ਚਲਾਉਣ ਲਈ ਵੱਡੀ ਗਿਣਤੀ ਵਿੱਚ ਡਰਾਈਵਰਾਂ ਦੀ ਲੋੜ ਪੈਂਦੀ ਹੈ। ਟਰੱਕਿੰਗ ਉਦਯੋਗ ਨਾਲ ਸਿੱਧੇ ਅਤੇ ਅਸਿੱਧੇ ਤੌਰ 'ਤੇ ਲੱਖਾਂ ਲੋਕ ਜੁੜੇ ਹੋਏ ਹਨ। ਡਰਾਈਵਰਾਂ ਤੋਂ ਇਲਾਵਾ ਮਕੈਨਿਕ, ਡਿਸਪੈਚਰ, ਵੇਅਰਹਾਊਸ ਕਰਮਚਾਰੀ, ਸੁਰੱਖਿਆ ਅਧਿਕਾਰੀ ਅਤੇ ਦਫ਼ਤਰੀ ਸਟਾਫ ਵੀ ਇਸ ਉਦਯੋਗ ਦਾ ਮਹੱਤਵਪੂਰਨ ਹਿੱਸਾ ਹਨ।

ਕੈਨੇਡਾ ਦੇ ਲਾਂਗ-ਹੌਲ ਡਰਾਈਵਰ ਕਈ ਵਾਰ ਇੱਕ ਟ੍ਰਿਪ ਦੌਰਾਨ 3 ਹਜ਼ਾਰ ਤੋਂ 4 ਹਜ਼ਾਰ ਕਿਲੋਮੀਟਰ ਤੱਕ ਦਾ ਸਫਰ ਤੈਅ ਕਰ ਲੈਂਦੇ ਹਨ। ਬ੍ਰਿਟਿਸ਼ ਕੋਲੰਬੀਆ ਤੋਂ ਓਂਟਾਰੀਓ ਜਾਂ ਕਿਊਬੈਕ ਤੱਕ ਸਮਾਨ ਲਿਜਾਣ ਵਾਲੇ ਡਰਾਈਵਰਾਂ ਨੂੰ ਕਈ ਦਿਨ ਲਗਾਤਾਰ ਹਾਈਵੇਅਜ਼ 'ਤੇ ਰਹਿਣਾ ਪੈਂਦਾ ਹੈ। ਕੁਝ ਡਰਾਈਵਰ ਕੈਨੇਡਾ ਤੋਂ ਅਮਰੀਕਾ ਦੇ ਕੈਲੀਫੋਰਨੀਆ, ਟੈਕਸਾਸ ਅਤੇ ਨਿਊਯਾਰਕ ਵਰਗੇ ਰਾਜਾਂ ਤੱਕ ਵੀ ਸਮਾਨ ਲੈ ਕੇ ਜਾਂਦੇ ਹਨ।

ਟਰੱਕਿੰਗ ਉਦਯੋਗ ਦੀ ਸ਼ੁਰੂਆਤ ਕੈਨੇਡਾ ਵਿੱਚ ਪਿਛਲੀ ਸਦੀ ਦੇ ਸ਼ੁਰੂਆਤੀ ਦੌਰ ਵਿੱਚ ਹੋਈ ਸੀ, ਪਰ 1950 ਅਤੇ 1960 ਦੇ ਦਹਾਕਿਆਂ ਵਿੱਚ ਹਾਈਵੇ ਪ੍ਰਣਾਲੀ ਦੇ ਵਿਕਾਸ ਮਗਰੋਂ ਇਸ ਖੇਤਰ ਵਿੱਚ ਤੇਜ਼ੀ ਆਈ। ਟਰਾਂਸ-ਕੈਨੇਡਾ ਹਾਈਵੇ ਬਣਨ ਨਾਲ ਟਰੱਕਿੰਗ ਉਦਯੋਗ ਨੂੰ ਵੱਡਾ ਫਾਇਦਾ ਮਿਲਿਆ ਅਤੇ ਦੇਸ਼ ਦੇ ਪੂਰਬੀ ਅਤੇ ਪੱਛਮੀ ਹਿੱਸਿਆਂ ਵਿਚਕਾਰ ਸਮਾਨ ਦੀ ਢੋਆ-ਢੁਆਈ ਆਸਾਨ ਹੋ ਗਈ।

ਮਾਹਿਰਾਂ ਮੁਤਾਬਕ ਇੱਕ ਨਵਾਂ ਹੈਵੀ ਡਿਊਟੀ ਟਰੱਕ ਖਰੀਦਣ ਲਈ 2 ਲੱਖ ਤੋਂ 3 ਲੱਖ ਡਾਲਰ ਤੱਕ ਦਾ ਖਰਚਾ ਆ ਸਕਦਾ ਹੈ। ਇਸ ਤੋਂ ਇਲਾਵਾ ਇੰਸ਼ੋਰੈਂਸ, ਡੀਜ਼ਲ, ਟਾਇਰ, ਮੁਰੰਮਤ, ਪਰਮਿਟ ਅਤੇ ਹੋਰ ਖਰਚੇ ਵੀ ਕਾਫ਼ੀ ਵੱਡੇ ਹੁੰਦੇ ਹਨ। ਕਈ ਟਰੱਕ ਮਾਲਕਾਂ ਦਾ ਕਹਿਣਾ ਹੈ ਕਿ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਅਤੇ ਬੀਮੇ ਦੇ ਮਹਿੰਗੇ ਰੇਟਾਂ ਕਾਰਨ ਇਹ ਕਾਰੋਬਾਰ ਚਲਾਉਣਾ ਪਹਿਲਾਂ ਨਾਲੋਂ ਜ਼ਿਆਦਾ ਮੁਸ਼ਕਲ ਹੋ ਗਿਆ ਹੈ।

ਕੈਨੇਡਾ ਦੇ ਟਰੱਕਿੰਗ ਖੇਤਰ ਵਿੱਚ ਪੰਜਾਬੀ ਭਾਈਚਾਰੇ ਦੀ ਭੂਮਿਕਾ ਨੂੰ ਵੀ ਖਾਸ ਮੰਨਿਆ ਜਾਂਦਾ ਹੈ। ਬ੍ਰਿਟਿਸ਼ ਕੋਲੰਬੀਆ, ਅਲਬਰਟਾ ਅਤੇ ਓਂਟਾਰੀਓ ਵਿੱਚ ਹਜ਼ਾਰਾਂ ਪੰਜਾਬੀ ਡਰਾਈਵਰ ਅਤੇ ਕਾਰੋਬਾਰੀ ਇਸ ਖੇਤਰ ਨਾਲ ਜੁੜੇ ਹੋਏ ਹਨ। ਕਈ ਪੰਜਾਬੀ ਪਰਿਵਾਰਾਂ ਨੇ ਇੱਕ ਟਰੱਕ ਤੋਂ ਸ਼ੁਰੂਆਤ ਕਰਕੇ ਅੱਜ ਦਰਜਨਾਂ ਅਤੇ ਸੈਂਕੜਿਆਂ ਟਰੱਕਾਂ ਵਾਲੀਆਂ ਕੰਪਨੀਆਂ ਖੜ੍ਹੀਆਂ ਕਰ ਲਈਆਂ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਲੈਕਟ੍ਰਿਕ ਅਤੇ ਸਵੈਚਾਲਿਤ ਟਰੱਕਾਂ ਦੇ ਆਉਣ ਨਾਲ ਇਸ ਉਦਯੋਗ ਵਿੱਚ ਵੱਡੇ ਬਦਲਾਅ ਵੇਖਣ ਨੂੰ ਮਿਲ ਸਕਦੇ ਹਨ। ਇਸਦੇ ਬਾਵਜੂਦ ਮੌਜੂਦਾ ਸਮੇਂ ਵਿੱਚ ਟਰੱਕਿੰਗ ਉਦਯੋਗ ਕੈਨੇਡਾ ਦੀ ਅਰਥਵਿਵਸਥਾ ਲਈ ਬਹੁਤ ਜ਼ਰੂਰੀ ਮੰਨਿਆ ਜਾਂਦਾ ਹੈ ਅਤੇ ਦੇਸ਼ ਦੀਆਂ ਦੁਕਾਨਾਂ ਤੋਂ ਲੈ ਕੇ ਵੱਡੀਆਂ ਫੈਕਟਰੀਆਂ ਤੱਕ ਅੱਜ ਵੀ ਟਰੱਕਾਂ ਰਾਹੀਂ ਹੋਣ ਵਾਲੀ ਸਪਲਾਈ 'ਤੇ ਨਿਰਭਰ ਹਨ।






# ਪ੍ਰੋ ਹਾਕੀ ਲੀਗ 2025-26 ਦਾ ਖਿਤਾਬ United Star ਨੇ ਜਿੱਤਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) United Field Hockey Club Calgary ਅਤੇ Punjab Sports Club ਵੱਲੋਂ ਜੈਨੇਸਿਸ ਸੈਂਟਰ ਕੈਲਗਰੀ ਵਿੱਚ ਆਯੋਜਿਤ ਕੀਤੀ ਗਈ ਪ੍ਰੋ ਹਾਕੀ ਲੀਗ 2025-26 ਦਾ ਖਿਤਾਬ United Star ਟੀਮ ਨੇ ਆਪਣੇ ਨਾਮ ਕਰ ਲਿਆ। ਇਹ ਲੀਗ ਸਤੰਬਰ 2025 ਵਿੱਚ ਸ਼ੁਰੂ ਹੋਈ ਸੀ ਅਤੇ 16 ਮਈ 2026 ਨੂੰ ਇਸਦੇ ਰੋਮਾਂਚਕ ਫਾਈਨਲ ਮੁਕਾਬਲਿਆਂ ਨਾਲ ਸਮਾਪਤ ਹੋਈ। ਪਿਛਲੇ ਛੇ ਮਹੀਨਿਆਂ ਦੌਰਾਨ ਲੀਗ ਦਾ ਆਯੋਜਨ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਗਿਆ, ਜਿਸ ਵਿੱਚ ਕੁੱਲ 6 ਟੀਮਾਂ—United Star, Hawks, Panjab, United, Calgary ਅਤੇ Friends—ਨੇ ਭਾਗ ਲਿਆ। ਹਰ ਹਫ਼ਤੇ ਹੋਏ ਮੈਚਾਂ ਨੇ ਦਰਸ਼ਕਾਂ ਨੂੰ ਭਰਪੂਰ ਰੋਮਾਂਚ ਦਿੱਤਾ। ਦੋਵੇਂ ਸੈਮੀਫਾਈਨਲ ਮੁਕਾਬਲੇ ਬਹੁਤ ਹੀ ਦਿਲਚਸਪ ਰਹੇ। ਪਹਿਲੇ ਸੈਮੀਫਾਈਨਲ ਵਿੱਚ United Star ਅਤੇ Calgary ਵਿਚਕਾਰ ਮੈਚ 4-4 ਨਾਲ ਬਰਾਬਰ ਰਿਹਾ। ਇਸ ਤੋਂ ਬਾਅਦ ਪੈਨਲਟੀ ਸਟਰੋਕ ਵਿੱਚ United Star ਦੇ ਗੋਲਕੀਪਰ ਅਰਸਮੀਤ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੀ ਟੀਮ ਨੂੰ ਜਿੱਤ ਦਿਵਾਈ ਅਤੇ ਫਾਈਨਲ ਵਿੱਚ ਪਹੁੰਚਾਇਆ। ਦੂਜੇ ਸੈਮੀਫਾਈਨਲ ਵਿੱਚ Panjab ਅਤੇ Hawks ਵਿਚਕਾਰ ਵੀ 4-4 ਦੀ ਬਰਾਬਰੀ ਰਹੀ। ਪੈਨਲਟੀ ਸਟਰੋਕ ਵਿੱਚ Panjab ਨੇ ਜਿੱਤ ਦਰਜ ਕਰਕੇ ਫਾਈਨਲ ਵਿੱਚ ਆਪਣੀ ਜਗ੍ਹਾ ਬਣਾਈ। ਫਾਈਨਲ ਮੈਚ United Star ਅਤੇ Panjab ਵਿਚਕਾਰ ਖੇਡਿਆ ਗਿਆ, ਜੋ ਬਹੁਤ ਹੀ ਰੋਮਾਂਚਕ ਰਿਹਾ। United Star ਨੇ ਸ਼ਾਨਦਾਰ ਟੀਮ ਖੇਡ ਦਿਖਾਉਂਦੇ ਹੋਏ Panjab ਨੂੰ 3-1 ਨਾਲ ਹਰਾਕੇ ਚੈਂਪੀਅਨਸ਼ਿਪ ਜਿੱਤ ਲਈ। United Star ਵੱਲੋਂ ਅਰਸ਼ ਬਰਨ ਨੇ 2 ਗੋਲ ਅਤੇ ਅਨਮੋਲ ਨੇ 1 ਗੋਲ ਕੀਤਾ, ਜਦਕਿ Panjab ਵੱਲੋਂ ਇਕਮਾਤਰ ਗੋਲ ਕਨਵਰ ਨੇ ਕੀਤਾ। ਇਹ United Star ਟੀਮ ਮੁੱਖ ਤੌਰ ‘ਤੇ ਕਨੇਡਾ ਵਿੱਚ ਜੰਮੇ Under-18 ਖਿਡਾਰੀਆਂ ਦੀ ਟੀਮ ਸੀ, ਜਿਸ ਨੇ ਆਪਣੀ ਲਗਨ, ਮਹਿਨਤ ਅਤੇ ਟੀਮਵਰਕ ਨਾਲ ਇਹ ਵੱਡੀ ਉਪਲਬਧੀ ਹਾਸਲ ਕੀਤੀ।

**ਅੰਤਿਮ ਨਤੀਜੇ**

**ਚੈਂਪੀਅਨ: United Star**

**ਦੂਜਾ ਸਥਾਨ: Panjab**

**ਵਿਅਕਤੀਗਤ ਇਨਾਮ**

**ਸਰਵਸ਼੍ਰੇਠ ਗੋਲਕੀਪਰ: ਅਰਸਮੀਤ ਸਿੰਘ**

ਦੋਵੇਂ ਕਲੱਬਾਂ ਵੱਲੋਂ ਲੀਗ ਨੂੰ ਕਾਮਯਾਬ ਬਣਾਉਣ ਲਈ ਸਪਾਂਸਰਾਂ ਪ੍ਰਮਜੀਤ ਪਲਾਹਾ, ਪਾਲੀ ਵਿਰਕ, ਜਸਵੰਤ ਬੰਬਰਾ ਅਤੇ ਹਰਪਿੰਦਰ ਸਿੱਧੂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਉਨ੍ਹਾਂ ਦੇ ਸਹਿਯੋਗ ਨਾਲ ਇਹ ਲੀਗ ਬੇਹੱਦ ਸਫਲ ਰਹੀ।ਅੰਤ ਵਿੱਚ ਦੋਵੇਂ ਕਲੱਬਾਂ ਨੇ ਐਲਾਨ ਕੀਤਾ ਕਿ ਖਿਡਾਰੀਆਂ ਨੂੰ ਹੋਰ ਮੌਕੇ ਪ੍ਰਦਾਨ ਕਰਨ ਅਤੇ ਕੈਲਗਰੀ ਵਿੱਚ ਫੀਲਡ ਹਾਕੀ ਨੂੰ ਪ੍ਰੋਤਸਾਹਿਤ ਕਰਨ ਲਈ ਇਸ ਲੀਗ ਨੂੰ ਭਵਿੱਖ ਵਿੱਚ ਵੀ ਜਾਰੀ ਰੱਖਿਆ ਜਾਵੇਗਾ।

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਐਂਬਲਿੰਟਨ ਦਾ ਆਖਿਰੀ ਫੇਸ
ਤੁਹਾਡੀ ਨਵੀਂ ਸੁਰੂਆਤ
ਸੁਵਿਧਾਵਾਂ ਸਥਾਪਿਤ ਕੀਤੀਆਂ, ਵਾਕਆਊਟ ਲਾਟਾਂ
ਐਂਬਲਟਨ ਉਹ ਥਾਂ ਹੈ ਜਿੱਥੇ ਉੱਤਰੀ-ਪੱਛਮੀ ਕੈਲਗਰੀ ਇਕੱਠੇ ਆਉਂਦੇ ਹਨ। ਜਿੱਥੇ ਹਰਿਆਲੀ, ਖੇਡ ਦੇ ਮੈਦਾਨ, ਪਾਰਕ ਅਤੇ ਖੇਡ ਦੇ ਮੈਦਾਨ, ਬਾਹਰ ਨਿਕਲਣਾ ਅਤੇ ਜੁੜੇ ਰਹਿਣਾ ਆਸਾਨ ਬਣਾਉਂਦੇ ਹਨ। ਵਾਕਆਊਟ ਲਾਟ ਉਪਲਬਧ ਹੋਣ ਅਤੇ ਭਵਿੱਖ ਵਿੱਚ ਸਕੂਲ ਸਾਈਟ ਦੀ ਯੋਜਨਾਬੰਦੀ ਦੇ ਨਾਲ, ਇਹ ਇੱਕ ਅਜਿਹੀ ਜਗ੍ਹਾ ਹੈ ਜੋ ਪਰਿਵਾਰ ਅਸਲ ਵਿੱਚ ਕਿਵੇਂ ਰਹਿੰਦੇ ਹਨ, ਇਸ ਲਈ ਤਿਆਰ ਕੀਤੀ ਗਈ ਹੈ। ਐਂਬਲਟਨ ਦੇ ਅੰਤਮ ਪੜਾਵਾਂ ਵਿੱਚ ਇੱਕ ਚੰਗੀ ਤਰ੍ਹਾਂ ਸਥਾਪਿਤ ਭਾਈਚਾਰੇ ਦੀਆਂ ਸਹੂਲਤਾਂ ਦੇ ਵਿਚਕਾਰ ਆਪਣਾ ਸੰਪੂਰਨ ਘਰ ਲੱਭੋ।
Laned Homes FROM THE LOW $500s
Front Garage FROM THE MID $700s
Award-Winning Builders
• Sterling Homes
• Shane Homes
• Broadview Homes
• Trico Homes
• Jayman BUILT
Ambleton
ਆਪਣੀ ਲਾਟ ਅੱਜ ਹੀ ਲੱਭੋ
Visit liveinambleton.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC TIMELESS WINDOW COVERINGS

# ਪੰਜਾਬ ਫੇਰੀ ਦੀਆਂ ਅਭੁੱਲ ਯਾਦਾਂ

**ਡਾ. ਰਾਜਵੰਤ ਕੌਰ ਪ੍ਰੀਤ ਮਾਨ**




ਵਤਨ-ਫੇਰੀ ਦੀ ਤਾਂਘ ਹਮੇਸ਼ਾ ਮਨ ਵਿਚ ਸੁਲਘਦੀ ਰਹਿੰਦੀ ਹੈ। ਇਸ ਮਾਰਚ ਦੇ ਪਹਿਲੇ ਹਫ਼ਤੇ ਮੈਨੂੰ ਸ਼ਹੀਦ ਭਗਤ ਸਿੰਘ ਕਲਾਮੰਚ ਵੱਲੋਂ ਸੱਦਾ ਪੱਤਰ ਮਿਲਿਆ ਕਿ ਮਾਨਸਾ ਵਿਖੇ ਹਰ ਸਾਲ ਹੋਣ ਵਾਲ਼ੇ ਕਲਾ-ਕਿਤਾਬ ਮੇਲੇ ਸਮੇਂ ਤੁਹਾਨੂੰ ਸਨਮਾਨਿਤ ਕਰਨਾ ਹੈ। ਇਹ ਤਿੰਨ ਦਿਨਾ ਮੇਲਾ ਇਸ ਵਾਰ ਉਨੱਤੀਵਾਂ ਕਲਾ-ਕਿਤਾਬ ਮੇਲਾ ਸੀ ਜੋ ਹਰ ਸਾਲ 22, 23 ਅਤੇ 24 ਮਾਰਚ ਨੂੰ ਪ੍ਰਸਿੱਧ ਨਾਟਕਕਾਰ ਅਜਮੇਰ ਔਲਖ ਨੂੰ ਸਮਰਪਿਤ ਹੁੰਦਾ ਹੈ। ਇਸ ਸਾਲ ਇਸ ਦਾ ਵਿਸ਼ਾ ਜੰਗ ਤੇ ਅਮਨ ਸੀ। ਵਤਨ ਜਾਣ ਦੀ ਮੇਰੀ ਤਾਂਘ ਪੂਰੀ ਹੋ ਗਈ। ਪਟਿਆਲ਼ੇ ਜਾ ਕੇ ਆਪਣਾ ਰੈਣ-ਬਸੇਰਾ ਆਬਾਦ ਕਰ ਲਿਆ। ਸੱਦੇ ਮੁਤਾਬਕ 22 ਮਾਰਚ ਨੂੰ ਪਰਿਵਾਰ ਸਮੇਤ ਮਾਨਸਾ ਪਹੁੰਚ ਕੇ ਕਿਤਾਬ ਮੇਲੇ ਦਾ ਰੰਗ ਮਾਣਿਆਂ। ਮੈਨੂੰ ਅਜਮੇਰ ਸਿੰਘ ਔਲਖ ਯਾਦਗਾਰੀ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਦੀ ਦੂਹਰੀ ਖ਼ੁਸ਼ੀ ਹੋਈ ਕਿਉਂਕਿ ਮਾਨਸਾ ਦੇ ਨੇੜੇ ਹੀ ਮੇਰਾ ਨਾਨਕਾ ਪਿੰਡ ਰੱਲਾ ਹੈ। ਮੈਨੂੰ ਲੱਗਿਆ ਮੇਰੇ ਨਾਨਕੇ ਆਪਣੀ ਦੋਹਤੀ ਦਾ ਸਨਮਾਨ ਕਰ ਰਹੇ ਹਨ। ਮੈਨੂੰ ਅੰਮ੍ਰਿਤਾ ਪ੍ਰੀਤਮ ਦਾ ਚੇਤਾ ਆਇਆ ਜਿਸਨੇ ਲਾਹੌਰ ਵਿਚ ਸਨਮਾਨਿਤ ਕੀਤੇ ਜਾਣ ਸਮੇਂ ਕਿਹਾ ਸੀ ਕਿ ਬੜੀ ਦੇਰ ਬਾਅਦ ਪੇਕਿਆਂ ਨੂੰ ਧੀ ਦੀ ਯਾਦ ਆਈ।

ਆਪਣੇ ਰੈਣ ਬਸੇਰੇ ਵਿਚ ਭੁੱਲੀਆਂ-ਵਿਸਰੀਆਂ ਯਾਦਾਂ ਨੂੰ ਫਰੋਲ਼ਦਿਆਂ ਸਮੇ-ਸਮੇ ਮਿਲੇ ਇਨਾਮ-ਸਨਮਾਨ ਤੇ ਪ੍ਰਸ਼ੰਸਾ-ਪੱਤਰ ਘੱਟੇ ਨਾਲ਼ ਲਥ-ਪਥ ਅਲਮਾਰੀ ਵਿੱਚੋਂ ਕੱਢ ਕੇ ਸਾਫ਼ ਕਰਦਿਆਂ ਯਾਦਾਂ ਦੀ ਪਟਾਰੀ ਖੁੱਲ੍ਹ ਗਈ ਤੇ ਬੜਾ ਮਾਨਸਿਕ ਆਨੰਦ ਪ੍ਰਾਪਤ ਹੋਇਆ। ਸਾਡਾ ਪਟਿਆਲ਼ੇ ਪਹੁੰਚਣਾ ਸੁਣ ਕੇ ਪੁਰਾਣੇ ਸੰਬੰਧੀਆਂ ਦੇ ਮਿਲਣ ਆਉਣ ਦੀ ਝੜੀ ਲੱਗੀ ਰਹੀ। ਪੁਰਾਣੀ ਵਿਦਿਆਰਥਣ ਪ੍ਰਮਿੰਦਰਪਾਲ ਕੌਰ, ਜੋ ਹੁਣ ਰੰਗਮੰਚ ਤੇ ਪੰਜਾਬੀ ਫਿਲਮਾਂ ਵਿਚ ਉੱਚਾ ਨਾਮ ਕਮਾ ਰਹੀ ਹੈ, ਮਿਲਣ ਆ ਗਈ ਤੇ ਸ਼ਾਮ ਨੂੰ 'ਛੱਲਾ' ਨਾਟਕ ਦੀ ਆਖਰੀ ਰਿਹਰਸਲ ਦੇਖਣ ਦਾ ਸੱਦਾ ਦੇ ਗਈ। ਉਹ 'ਕਲਾ ਕ੍ਰਿਤੀ' ਪਟਿਆਲ਼ਾ ਦੀ ਡਾਇਰੈਕਟਰ ਹੈ। ਉਸ ਨੂੰ ਸਰਕਾਰੀ ਹਾਇਰ ਸੈਕੰਡਰੀ ਸਕੂਲ ਨਾਭਾ ਵਿਚ ਪੜ੍ਹਦੀ ਸਮੇਂ ਹੀ ਸਕੂਲ ਦੀਆਂ ਸਭਿਆਚਾਰਕ ਗਤੀਵਿਧੀਆਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੀ ਵੇਖ ਕੇ ਲਗਦਾ ਹੁੰਦਾ ਸੀ ਕਿ ਇਕ ਦਿਨ ਪੰਜਾਬੀ ਰੰਗਮੰਚ ਵਿਚ ਆਪਣਾ ਵਿਸ਼ੇਸ਼ ਥਾਂ ਬਣਾਏਗੀ। ਉਹ ਬਚਪਨ ਤੋਂ ਹੁਣ ਤੱਕ ਮੇਰੇ ਸੰਪਰਕ ਵਿਚ ਰਹੀ ਹੈ। ਉਸ ਦੀਆਂ ਪ੍ਰਾਪਤੀਆਂ ਵੇਖ ਸੁਣ ਕੇ ਮੈਂ ਨਾ ਕੇਵਲ ਖ਼ੁਸ਼ ਹੁੰਦੀ ਹਾਂ ਸਗੋਂ ਮਾਣ ਵੀ ਮਹਿਸੂਸ ਕਰਦੀ ਹਾਂ। ਉਸ ਨੂੰ ਬੀ.ਏ. ਕਰਦਿਆਂ ਹੀ ਮਾਪਿਆਂ ਨੇ ਵਿਆਹ ਦੇ ਬੰਧਨ ਵਿਚ ਬੰਨ੍ਹ ਦਿੱਤਾ ਸੀ। ਪੰਜਾਬ ਰਾਜ ਬਿਜਲੀ ਬੋਰਡ ਪਟਿਆਲ਼ਾ ਵਿਖੇ ਨੌਕਰੀ ਮਿਲ ਗਈ। ਦੋ ਬੱਚੇ - ਬੇਟਾ ਤੇ ਬੇਟੀ- ਪੈਦਾ ਹੋਏ। ਪਤੀ ਦੀ ਅਚਾਨਕ ਬੇ-ਵਕਤੀ ਮੌਤ ਦਾ ਸਦਮਾ ਸਹਿਣਾ ਪਿਆ ਪਰ ਇਸ ਬਹਾਦਰ ਲੜਕੀ ਨੇ ਹਾਰ ਨਹੀਂ ਮੰਨੀ। ਉਸ ਨੇ ਦੋਵਾਂ ਬੱਚਿਆਂ ਦੀ ਵਧੀਆ ਪ੍ਰਵਰਿਸ਼ ਕਰਨ ਦੇ ਨਾਲ਼ ਜੀਵਨ ਜਿਉਣ ਲਈ ਆਪਣੇ ਹੁਨਰ ਅਤੇ ਕਲਾਤਮਿਕ ਤਜਰਬੇ ਨੂੰ ਅੱਗੇ ਵਧਾਉਣ ਵਾਸਤੇ ਸਮਾਜ ਅਤੇ ਰਿਸ਼ਤੇਦਾਰਾਂ ਦੀ ਪ੍ਰਵਾਹ ਕੀਤੇ ਬਿਨਾਂ ਡਟੀ ਰਹੀ। ਰੰਗਮੰਚ ਦੇ ਖੇਤਰ ਵਿਚ ਸਫ਼ਰ ਜਾਰੀ ਰੱਖਿਆ। ਪਟਿਆਲ਼ੇ ਆਪਣੇ ਮਾਪਿਆਂ ਦੇ ਘਰ ਦੇ ਨੇੜੇ ਹੀ ਆਪਣਾ ਘਰ ਬਣਾ ਲਿਆ। ਮਾਂ ਦਾ ਸਾਥ ਤੇ ਹਮਦਰਦੀ ਸਦਾ ਮਿਲਦੀ ਰਹੀ। ਸੰਨ 1985 ਵਿਚ ਪ੍ਰਮਿੰਦਰਪਾਲ ਕੌਰ ਨੇ 'ਕਲਾ ਕ੍ਰਿਤੀ' ਨਾਂ ਦੀ ਰੰਗਮੰਚੀ ਸੰਸਥਾ ਦਾ ਗਠਨ ਕੀਤਾ। ਬਤੌਰ ਡਾਇਰੈਕਟਰ ਇਸ ਸੰਸਥਾ ਦੀਆਂ ਗਤੀਵਿਧੀਆਂ ਨੂੰ ਰੰਗਮੰਚ, ਸਾਹਿਤ, ਕਲਾ, ਸੰਗੀਤ ਅਤੇ ਨਾਚ-ਪ੍ਰੋਗਰਾਮਾਂ ਰਾਹੀਂ ਉੱਚੇ ਮੁਕਾਮ 'ਤੇ ਪੁਚਾਇਆ। ਪ੍ਰਮਿੰਦਰਪਾਲ ਦੀ ਨਿਰਦੇਸ਼ਨਾ ਹੇਠ ਸਭ ਤੋਂ ਪਹਿਲਾਂ ਸਤਿੰਦਰ ਸਿੰਘ ਨੰਦਾ ਦਾ ਨਾਟਕ 'ਕਿਰਾਏਦਾਰ' ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਅਤੇ ਪੰਜਾਬੀ ਭਵਨ ਲੁਧਿਆਣਾ ਵਿਖੇ ਕਾਮਯਾਬੀ ਨਾਲ਼ ਖੇਡਿਆ ਗਿਆ। ਕਿਰਪਾਲ ਕਜ਼ਾਕ ਦੇ ਨਾਟਕ 'ਕੰਧਾਂ ਤੋਂ ਬਿਨਾ' ਦੇ ਸ਼ੋਅ ਇਸ ਦੀ ਨਿਰਦੇਸ਼ਨਾ ਹੇਠ ਚੰਡੀਗੜ੍ਹ, ਦਿੱਲੀ ਅਤੇ ਹੋਰ ਥਾਵਾਂ 'ਤੇ ਬੜੇ ਕਾਮਯਾਬ ਰਹੇ। ਖਾਸ ਗੱਲ ਇਹ ਕਿ ਮੁੱਖ ਰੋਲ ਆਪ ਨਿਭਾਉਂਦੀ ਹੈ। ਇਸ ਨਾਟਕ ਨੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਕਿਰਪਾਲ ਸਿੰਘ ਕਸੇਲ ਦੇ ਨਾਟਕ 'ਉਧਾਰੀ ਕੁੱਖ' ਵਿਚ




ਇਕ ਬਾਂਝ ਔਰਤ ਦੀ ਤਰਾਸਦੀ ਨੂੰ ਆਪਣੀ ਅਦਾਕਾਰੀ ਨਾਲ਼ ਸਿਖਰ 'ਤੇ ਪੁਚਾਇਆ। ਨਾਟਕ ਮੇਲਿਆਂ ਵਿਚ ਇਸ ਦੇ ਨਿਰਦੇਸ਼ਿਤ ਕੀਤੇ ਨਾਟਕ ਅਕਸਰ ਪਹਿਲੇ ਦਰਜੇ 'ਤੇ ਰਹਿੰਦੇ ਹਨ।

ਉਸ ਦਿਨ, 27 ਮਾਰਚ ਨੂੰ ਅਸੀਂ ਪ੍ਰਮਿੰਦਰਪਾਲ ਦੇ ਸੱਦੇ ਮੁਤਾਬਕ ਨਾਟਕ ਵੇਖਣ ਪਹੁੰਚ ਗਏ। ਫਾਈਨਲ ਰਿਹਰਸਲ ਹੋ ਰਹੀ ਸੀ। 'ਛੱਲਾ' ਨਾਟਕ ਇਕ ਅਜਿਹੀ ਦਰਦਨਾਕ ਸਮੱਸਿਆ ਨੂੰ ਵਰਨਣ ਕਰਦਾ ਹੈ ਜੋ ਨੌਜਵਾਨਾਂ ਦੇ ਪਰਵਾਸ ਨਾਲ ਜੁੜੀ ਹੋਈ ਹੈ। ਨੌਜਵਾਨ ਵਧੇਰੇ ਕਰ ਕੇ ਅਮਰੀਕਾ, ਕੈਨੇਡਾ ਜਾਂ ਹੋਰ ਮੁਲਕਾਂ ਵਿਚ ਜਾਣ ਨੂੰ ਤਰਜੀਹ ਦਿੰਦੇ ਹਨ ਜਦੋਂ ਕਿ ਪੰਜਾਬ ਵਿਚ ਰਹਿ ਕੇ ਕੰਮ ਕਰਨ ਨੂੰ ਤਿਆਰ ਨਹੀਂ। ਮਾਪਿਆਂ ਦੀ ਜ਼ਮੀਨ ਵਿਕਵਾ ਕੇ, ਧੋਖੇਬਾਜ਼ ਏਜੰਟਾਂ ਦੇ ਧੱਕੇ ਚੜ੍ਹ ਜਾਂਦੇ ਹਨ। ਅਮਰੀਕਾ ਜਾਣ ਦੀ ਬਜਾਏ ਇਰਾਕ ਪਹੁੰਚ ਜਾਂਦੇ ਹਨ ਜਿੱਥੇ ਉਨ੍ਹਾਂ ਨੂੰ ਗ਼ੁਲਾਮ ਬਣਾ ਲਿਆ ਜਾਂਦਾ ਹੈ। ਪਰਾਈ ਧਰਤੀ, ਪਰਾਈ ਭਾਸ਼ਾ, ਪੱਲੇ ਪੈਸਾ ਨਾ ਧੇਲਾ। ਦਿਨ-ਰਾਤ ਕੰਮ ਕਰਾਉਂਦੇ, ਖਾਣ ਨੂੰ ਬਹੁਤ ਘੱਟ ਦਿੰਦੇ। ਅੱਵਲ ਤਾਂ ਤਸੀਹੇ ਝਲਦੇ ਉੱਥੇ ਹੀ ਰਹਿ ਜਾਂਦੇ, ਵਾਪਸ ਨਹੀਂ ਆਉਂਦੇ, ਕੁੱਝ ਮਰ ਜਾਂਦੇ ਤੇ ਕੁੱਝ ਨੂੰ ਹੱਥਕੜੀਆਂ ਲਾ ਕੇ ਡੀਪੋਰਟ ਕੀਤਾ ਜਾਂਦਾ, ਪੰਜਾਬ ਦੀ ਪੁਲੀਸ ਦੇ ਵੱਸ ਪੈ ਜਾਂਦੇ। ਸੁਰਜੀਤ ਪਾਤਰ ਦੇ ਸ਼ਬਦ ਹਨ - ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ, ਕੁਝ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ। ਇਹ ਨਾਟਕ ਅਜਿਹੇ ਨੌਜਵਾਨਾਂ (ਛੱਲਿਆਂ) ਦੀ ਪੀੜ ਦੀ ਦਾਸਤਾਨ ਹੈ। ਇਹ ਨਾਟਕ ਇਹ ਵੀ ਦਸਦਾ ਹੈ ਕਿ ਧਰਤੀ ਚਾਹੇ ਕੋਈਵੀ ਹੋਵੇ, ਹੁਕਮਰਾਨਾਂ ਦਾ ਕਿਰਦਾਰ ਇੱਕੋ ਜਿਹਾ ਹੁੰਦਾ ਹੈ ਤੇ ਪੀੜਿਤਾਂ ਦੀ ਪੀੜ ਵੀ ਇੱਕੋ ਜਿਹੀ ਹੁੰਦੀ ਹੈ। ਇਕ ਬਚ ਕੇ ਆਏ 'ਛੱਲੇ' ਦੀ ਮਾਂ ਦਾ ਰੋਲ ਪ੍ਰਮਿੰਦਰਪਾਲ ਨੇ ਆਪ ਨਿਭਾ ਕੇ ਨਾਟਕ ਨੂੰ ਭਾਵੁਕਤਾ ਦੀ ਸਿਖਰ 'ਤੇ ਪਹੁੰਚਾ ਦਿੱਤਾ। ਇਸ ਨਾਟਕ ਦੀ ਪੇਸ਼ਕਾਰੀ ਪੰਜਾਬ ਕਲਾ ਪਰੀਸ਼ਦ ਦੇ ਸਹਿਯੋਗ ਨਾਲ਼ 30 ਮਾਰਚ ਨੂੰ ਪੰਜਾਬ ਕਲਾ ਭਵਨ, ਸੈਕਟਰ 16, ਚੰਡੀਗੜ੍ਹ ਵਿਖੇ ਹੋਣੀ ਸੀ ਪਰ ਅਸੀਂ 29 ਮਾਰਚ ਨੂੰ ਕੈਨੇਡਾ ਲਈ ਰਵਾਨਾ ਹੋ ਗਏ ਜਿਸ ਕਰ ਕੇ ਭਰਵੇਂ ਇਕੱਠ ਵਿਚ ਸਟੇਜ 'ਤੇ ਨਹੀਂ ਵੇਖ ਸਕੇ। ਇਹ ਨਾਟਕ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਕੁਲਦੀਪ ਸਿੰਘ ਦੀਪ ਦਾ ਲਿਖਿਆ ਹੋਇਆ ਹੈ। ਸੁਭਾਗਵੱਸ 27 ਮਾਰਚ ਵਿਸ਼ਵ ਰੰਗਮੰਚ ਦਿਵਸ ਸੀ। ਇਸ ਮੌਕੇ ਸ਼ੁਭਕਾਮਨਾਵਾਂ ਦਿੱਤੀਆ ਗਈਆਂ। ਪ੍ਰਮਿੰਦਰਪਾਲ ਨੇ 'ਕਲਾ ਕ੍ਰਿਤੀ' ਪਟਿਆਲ਼ਾ ਦੇ ਅਦਾਕਾਰਾਂ ਵੱਲੋਂ ਮੈਨੂੰ ਯਾਦਗਾਰੀ ਚਿੰਨ੍ਹ ਅਤੇ ਫੁਲਕਾਰੀ ਦੇ ਕੇ ਸਨਮਾਨਿਤ ਕੀਤਾ ਗਿਆ।

ਸਨਮਾਨ-ਚਿੰਨ੍ਹਾਂ ਦੀਆਂ ਤਸਵੀਰਾਂ ਭਾਵੇਂ ਪੁਰਾਣੇ ਹੋਣ ਕਰ ਕੇ ਮੱਧਮ ਪੈ ਗਏ ਹਨ। ਇਹ ਪੰਜਾਬ ਫੇਰੀ ਅਭੁੱਲ ਯਾਦਾਂ ਬਣ ਕੇ ਮੇਰੀ ਰੰਗਮੰਚੀ ਯਾਤਰਾ ਦਾ ਹਿੱਸਾ ਬਣ ਗਈ ਜੋ ਮੇਰਾ ਅਣ-ਮੁੱਲਾ ਸਰਮਾਇਆ ਹਨ।

# ਯਾਦ ਉਨ੍ਹਾਂ ਨੂੰ ਕਰੀਏ ਜੋ ਗੁੰਮੀਆਂ ਮਾਰ ਖਪਾਈਆਂ - ਰੈੱਡ ਡਰੈਸ ਡੇ

ਸਾਰੇ ਕੈਨੇਡਾ ਅੰਦਰ 5 ਮਈ ਦਾ ਦਿਨ 'ਲਾਲ ਕਮੀਜ਼ ਦਿਵਸ' (RED DRESS DAY) ਵਜੋਂ ਮਨਾਇਆ ਜਾਂਦਾ ਹੈ। ਇਹ ਹਜ਼ਾਰਾਂ 'ਮਾਰੀਆਂ ਗਈਆਂ ਤੇ ਗੁੰਮਸ਼ੁਦਾ ਮੂਲਨਿਵਾਸੀ ਔਰਤਾਂ ਤੇ ਕੁੜੀਆਂ' (Murdered and Missing Indigenous Women and Girls) ਪ੍ਰਤੀ ਜਾਗਰੂਕਤਾ ਫੈਲਾਉਣ ਲਈ ਮਨਾਇਆ ਜਾਂਦਾ ਹੈ। ਇਸ ਦਿਨ ਉਨ੍ਹਾਂ ਦੀਆਂ ਰੂਹਾਂ ਲਈ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ। ਥਾਂ-ਥਾਂ ਖੰਭਿਆਂ, ਟੰਬਿਆਂ, ਦਰਖਤਾਂ ਅਤੇ ਝਾੜੀਆਂ ਉਪਰ ਲਾਲ ਰੰਗ ਦੀਆਂ ਕੁੜਤੀਆਂ ਜਾਂ ਜੰਪਰ ਟੰਗ ਕੇ ਇਸ ਖ਼ੂਨੀ ਵਰਤਾਰੇ ਦੀ ਯਾਦ ਤਾਜ਼ਾ ਕਰਵਾਈ ਜਾਂਦੀ ਹੈ। ਇਸ ਸਾਲ ਕੈਲਗਰੀ ਵਿਚ ਇਸ ਦਿਨ ਸੰਗਮ (Confluence Park Site) ਦੇ ਸਥਾਨ ਉਪਰ ਹੋਏ ਸਮਾਗਮ ਵਿਚ ਸੈਂਕੜੇ ਲੋਕਾਂ ਨੇ ਲਾਲ ਕਮੀਜ਼ਾਂ ਪਾ ਕੇ ਭਰਵੀਂ ਹਾਜ਼ਰੀ ਲਵਾਈ।



ਪਹਿਲਾਂ ਸੰਗਮ ਸਥਲ ਉਪਰ ਧੂਫ (Smudge) ਜਗਾ ਕੇ ਪ੍ਰੰਪਰਾਗਤ ਰਸਮ ਮੁਤਾਬਕ ਬਲੈਕਫੁਟ ਭਾਸ਼ਾ ਵਿਚ ਪ੍ਰਾਰਥਨਾ ਕਰ ਕੇ ਉਨ੍ਹਾਂ ਹਜ਼ਾਰਾਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਪੀਕਾਨੀ ਫ਼ਸਟ ਨੇਸ਼ਨ ਦੀ ਐਲਡਰ ਕੈਰਨ ਇੰਗਲਿਸ਼ ਅਤੇ ਵੈਂਡੀ ਇੰਗਲਿਸ਼ ਨੇ ਆਪਣੇ ਪਰਿਵਾਰਾਂ, ਨਜ਼ਦੀਕੀਆਂ ਅਤੇ ਕਬੀਲੇ ਦੀਆਂ ਗੁੰਮਸ਼ੁਦਾ ਅਤੇ ਮਾਰ ਖਪਾਈਆਂ ਔਰਤਾਂ ਤੇ ਕੰਨਿਆਵਾਂ ਨੂੰ ਯਾਦ ਕਰ ਕੇ ਭਾਵੁਕਤਾਪੂਰਨ ਭਾਸ਼ਣ ਦਿੱਤੇ। ਉਨ੍ਹਾਂ ਨੇ ਕਿਹਾ ਕਿ ਉਹ ਵੀ ਕਿਸੇ ਦੀਆਂ ਲਾਡਲੀਆਂ ਧੀਆਂ ਸਨ, ਸਤਿਕਾਰੀਆਂ ਮਾਵਾਂ ਸਨ ਅਤੇ ਪਿਆਰੀਆਂ ਭੈਣਾਂ ਸਨ। ਉਹ ਸਭ ਬਸਤੀਵਾਦੀ ਨਿਜ਼ਾਮ ਅਤੇ ਨਸਲਵਾਦੀ ਵਰਤਾਰੇ ਦੇ ਨਤੀਜਿਆਂ ਦੀਆਂ ਸ਼ਿਕਾਰ ਹੋਈਆਂ। ਹੋਰ ਵੀ ਦੁੱਖ ਦੀ ਗੱਲ ਕਿ ਇਹ ਵਰਤਾਰਾ ਅਜੇ ਵੀ ਕਿਸੇ ਨਾ ਕਿਸੇ ਪੱਧਰ 'ਤੇ ਜਾਰੀ ਹੈ। ਇਸ ਮਗਰੋਂ ਚਾਰ ਲੜਕੀਆਂ ਨੇ ਆਪਣੀ ਭਾਸ਼ਾ ਵਿਚ ਰਵਾਇਤੀ ਗੀਤ -ਈਯਾ ਈਯਾ ਯੋ - ਗਾ ਕੇ ਮਾਰੀਆਂ ਤੇ ਗੁਮਸ਼ੁਦਾ ਔਰਤਾਂ ਅਤੇ ਲੜਕੀਆਂ ਦੀਆਂ ਰੂਹਾਂ ਪ੍ਰਤੀ ਅਕੀਦਾ ਪੇਸ਼ ਕੀਤਾ। ਇਸ ਮਗਰੋਂ ਸੰਗਮ ਤੋਂ ਸ਼ੁਰੂ ਹੋ ਕੇ ਪੀਸ ਬ੍ਰਿੱਜ ਤਕ ਮਾਰਚ ਕੀਤਾ ਗਿਆ। ਵਾਪਸ ਸੰਗਮ 'ਤੇ ਆ ਕੇ ਲੱਕੜੀ ਦੇ ਵੱਡੇ ਮੋਟੇ ਟੰਬੇ ਖੜ੍ਹੇ ਕਰ ਕੇ ਪੁਰਾਤਨ ਢੰਗ ਨਾਲ਼ ਟੀਪੀ ਬਣਾਈ ਗਈ। ਇਹ ਵੀ ਇਕ ਕਮਾਲ ਦੀ ਕਾਰੀਗਰੀ ਦਾ ਨਮੂਨਾ ਸੀ। 'ਮੇਕਿੰਗ ਟਰੀਟੀ-7 ਕਲਚਰਲ ਕਲਬ' ਦੇ ਆਰਟ ਡਾਇਰੈਕਟਰ ਗੈਰਿਟ ਸਮਿੱਥ ਅਤੇ ਸੰਗਮ ਦਫ਼ਤਰ ਦੀ ਅਹੁਦੇਦਾਰ ਪਾਉਲਾ ਸਮਿੱਥ ਨੇ ਆਪਣੀ ਅਗਵਾਈ ਵਿਚ ਸਾਰੇ ਪ੍ਰੋਗਰਾਮ ਨੂੰ ਅੰਜਾਮ ਦਿੱਤਾ। ਪਾਉਲਾ ਸਮਿੱਥ ਨੇ ਦੱਸਿਆ ਕਿ ਇਸ ਸੰਬੰਧੀ ਕੈਨੇਡਾ ਸਰਕਾਰ ਦੁਆਰਾ ਬਣਾਏ ਗਏ ਕਮਿਸ਼ਨ ਨੇ 2019 ਵਿਚ ਆਪਣੀ ਰਿਪੋਰਟ ਵਿਚ ਇਸ ਵਰਤਾਰੇ ਨੂੰ ਨਸਲਕੁਸ਼ੀ (Genocide) ਦਾ ਨਾਂ ਦਿੱਤਾ ਸੀ। ਸਰਕਾਰ ਨੂੰ ਕਾਰਵਾਈ ਲਈ ਜੋ ਸਿਫ਼ਾਰਸ਼ਾਂ (Calls for Action) ਕੀਤੀਆਂ ਸਨ ਉਨ੍ਹਾਂ 'ਤੇ ਅਮਲ ਕਰਨਾ ਬਾਕੀ ਹੈ। ਇਸ ਪ੍ਰੋਗਰਾਮ ਦਾ ਸੁਨੇਹਾ ਸੀ -ਬਸ, ਹੁਣ ਹੋਰ ਨਹੀਂ (NO MORE STOLEN SISTERS)।

**ਜਗਦੇਵ ਸਿੱਧੂ ਕੈਲਗਰੀ**

# ਅਰਪਨ ਲਿਖਾਰੀ ਸਭਾ ਵੱਲੋਂ ਸਤਨਾਮ ਢਾਅ ਦੀ ਮੁਲਾਕਾਤਾਂ ਦੀ ਪੁਸਤਕ 'ਪੰਜਾਬ ਦੇ ਅਨਮੋਲ ਹੀਰੇ' ਰਿਲੀਜ਼ ਕੀਤੀ ਗਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ 17 ਮਈ ਨੂੰ ਕੋਸੋ ਹਾਲ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਜਸਵੰਤ ਸਿੰਘ ਸੇਖੋਂ, ਰਿਸ਼ੀ ਨਾਗਰ, ਸਤਨਾਮ ਢਾਅ ਅਤੇ ਮੁਖਿੱਦਰਪਾਲ ਸਿੰਘ ਉੱਪਲ ਨੇ ਕੀਤੀ। ਸ਼ੁਰੂਆਤ ਹਰਮਿੰਦਰਪਾਲ ਸਿੰਘ ਦੁਆਰਾ ਸ਼ਬਦ-ਗਾਇਨ ਨਾਲ਼ ਹੋਈ - ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ। ਜਸਵੀਰ ਸਿਹੋਤਾ, ਸੋਹਣ ਸਿੰਘ ਭੁੱਚੋ ਅਤੇ ਜਰਨੈਲ ਤੱਗੜ ਦੁਆਰਾ ਕਵਿਤਾ-ਪਾਠ ਤੋਂ ਮਗਰੋਂ ਸਤਨਾਮ ਢਾਅ ਦੀ ਮੁਲਾਕਾਤਾਂ ਦੀ ਪੁਸਤਕ 'ਪੰਜਾਬ ਦੇ ਅਨਮੋਲ ਹੀਰੇ' ਰਿਲੀਜ਼ ਕੀਤੀ ਗਈ। ਇਹ ਮੁਲਾਕਾਤਾਂ ਪੰਜਾਬ ਦੀਆਂ ਚਾਰ ਉੱਘੀਆਂ ਹਸਤੀਆਂ - ਖੇਤੀ ਵਿਗਿਆਨੀ ਡਾ. ਗੁਰਦੇਵ ਸਿੰਘ ਖ਼ੁਸ਼ ਤੇ ਡਾ. ਗੁਰਦੇਵ ਸਿੰਘ ਘਣਗਸ, ਜੀਵ ਵਿਗਿਆਨੀ ਡਾ. ਪੁਸ਼ਪਿੰਦਰ ਜੈਰੂਪ ਅਤੇ ਹਾਕੀ ਉਲਿੰਪੀਅਨ ਬਲਬੀਰ ਸਿੰਘ ਸੀਨੀਅਰ - ਨਾਲ ਕੀਤੀਆਂ ਹਨ। ਜਗਦੇਵ ਸਿੱਧੂ ਨੇ ਇਸ ਕਿਤਾਬ ਬਾਰੇ ਪਰਚਾ ਪੜ੍ਹਦਿਆਂ ਸਤਨਾਮ ਢਾਅ ਦੇ ਮੁਲਾਕਾਤੀ ਹੁਨਰ ਦੀ ਸ਼ਲਾਘਾ ਕੀਤੀ ਅਤੇ ਕਿਤਾਬ ਨੂੰ ਆਉਣ ਵਾਲ਼ੀਆਂ ਪੀੜ੍ਹੀਆਂ ਵਾਸਤੇ ਪ੍ਰੇਰਣਾਦਾਇੱਕ ਦੱਸਿਆ। ਰਿਸ਼ੀ ਨਾਗਰ ਨੇ ਕਿਤਾਬ ਦੀ ਸਾਰਥਕਤਾ ਬਾਰੇ ਬੋਲਦਿਆਂ ਸਤਨਾਮ ਢਾਅ ਨੂੰ ਵਧਾਈ ਦਿੱਤੀ। ਨਾਲ਼ ਹੀ ਕੁੱਝ ਨਿੱਕੀਆਂ ਨਿੱਕੀਆਂ ਘਟਨਾਵਾਂ ਦੇ ਦਿਲਚਸਪ ਵੇਰਵੇ ਸੁਣਾ ਕੇ ਮਾਹੌਲ ਨੂੰ ਖ਼ੁਸ਼ਗਵਾਰ ਬਣਾਇਆ। ਸਤਨਾਮ ਢਾਅ ਨੇ ਮੁਲਾਕਾਤਾਂ ਕਰਨ ਦੇ ਪਿਛੋਕੜ ਅਤੇ ਢੰਗ-ਤਰੀਕਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਨਿਸ਼ਕਾਮ ਸਮਾਜ ਸੇਵੀ ਅਤੇ ਸਾਹਿਤ ਪ੍ਰੇਮੀ ਮੁਖਵਿੰਦਰਪਾਲ ਸਿੰਘ ਨੂੰ ਸ਼ਾਨਦਾਰ ਪਲੇਕ ਅਤੇ ਸ਼ਾਲ ਨਾਲ਼ ਸਮਮਾਨਿਤ ਕੀਤਾ ਗਿਆ। ਉਪਲ ਨੇ ਸਭਾ ਦਾ ਧੰਨਵਾਦ ਕੀਤਾ ਅਤੇ ਪ੍ਰੋਫੈਸਰ ਮੋਹਨ ਸਿੰਘ ਦੀ ਕਵਿਤਾ ਸੁਣਾਈ - ਮੋਹਨ ਕਿੰਝ ਬਣਦਾ ਤੂੰ ਸ਼ਾਇਰ ਜੇ ਮੈਂ ਨਾ ਮਰਦੀ। ਸੁਰਿੰਦਰ ਗੀਤ ਨੇ ਗ਼ਜ਼ਲ - ਚੋਗ ਚੁਗਾ ਕੇ ਤਲ਼ੀਆਂ 'ਤੇ ਪੰਛੀ ਕੋਲ਼ ਬੁਲਾਇਆ ਮੈਂ, ਜੋਗਾ ਸਿੰਘ ਸਹੋਤਾ ਨੇ ਗੀਤ - ਸਾਡਾ ਤੇਰੇ ਨਾਲ਼ ਸੋਹਣਿਆਂ ਜਹਾਨ ਵਸਦਾ, ਜਸਵੰਤ ਰਾਏ ਸ਼ਰਮਾ ਨੇ ਉੱਤਮ ਕਿਸਮ ਦੇ ਕਾਵਿ-ਟੋਟਕੇ ਅਤੇ ਕਰਤਾਰ ਸਿੰਘ ਬਲੱਗਣ ਦੀ ਕਵਿਤਾ - ਚਹੁੰ ਪਾਸਿਆਂ ਤੋਂ ਕਿਧਰੋਂ ਆਈ ਗੋਲ਼ੀ ਪਹਿਲਾਂ ਹਿੱਕ 'ਤੇ ਜਰੀ ਪੰਜਾਬੀਆਂ ਨੇ, ਪ੍ਰਿੰਸੀਪਲ ਚਰਨਦੀਪ ਕੌਰ ਨੇ ਮਾਂ ਬਾਰੇ ਕਵਿਤਾ, ਦਰਸ਼ਨ ਬਰਾੜ ਨੇ ਉਪਦੇਸ਼ਾਤਮਕ ਕਵਿਤਾ ਅਤੇ ਅਮਰੀਕ ਸਿੰਘ ਮਾਂਗਟ ਨੇ ਪੰਜਾਬ ਦੀ ਨਿਘਰਦੀ ਹਾਲਤ ਬਾਰੇ ਕਵਿਤਾ ਦੀ ਪੇਸ਼ਕਾਰੀ ਰਾਹੀਂ ਕਾਵਿ-ਮਾਹੌਲ ਸਿਰਜਿਆ। ਮੀਡੀਆ ਕਰਮੀ ਸੁਭਾਸ਼ ਸ਼ਰਮਾ ਨੇ ਸਾਹਿਰ ਲੁਧਿਆਣਵੀ ਅਤੇ ਜਾਵੇਦ ਅਖ਼ਤਰ ਦੀ ਇੱਕ ਯਾਦ ਸਾਂਝੀ ਕੀਤੀ। ਸੁਖਵਿੰਦਰ ਤੂਰ ਨੇ ਸੁਰੀਲੀ ਆਵਾਜ਼ ਵਿੱਚ ਗ਼ਜ਼ਲ ਦੀ ਗਾਇਕੀ ਰਾਹੀਂ ਸੰਗੀਤ ਦਾ ਜਾਦੂ ਬਿਖੇਰਿਆ - ਮੇਰੇ ਪੈਰਾਂ 'ਚ ਇੱਕ ਐਨਾ ਸਫ਼ਰ ਹੈ ਨਾ ਮੁੱਕਿਆ ਹੈ ਨਾ ਇਹ ਮੁੱਕਣਾ ਕਦੇ ਵੀ। ਤਰਲੋਕ ਚੁੱਘ ਨੇ ਲਘੂ ਕਵਿਤਾਵਾਂ ਅਤੇ ਚੁਟਕਲੇ ਸੁਣਾ ਕੇ ਦਰਸ਼ਕਾਂ ਦੇ ਮਨਾਂ ਨੂੰ ਟੁੰਬਿਆ ਤੇ ਹਸਾਇਆ ਵੀ। ਸਰੂਪ ਸਿੰਘ ਮੰਡੇਰ ਅਤੇ ਜਸਵੰਤ ਸਿੰਘ ਸੇਖੋਂ ਨੇ ਕਵੀਸ਼ਰੀ ਕਰ ਕੇ ਅਖਾੜੇ ਦਾ ਰੰਗ ਬੰਨ੍ਹਿਆਂ - ਮੰਦਾ ਬੋਲ ਕਦੇ ਨਾ ਬੋਲੀਏ ਕਰਤਾਰੋਂ ਡਰੀਏ। ਸਵਰਨ ਸਿੰਘ ਧਾਲ਼ੀਵਾਲ਼, ਬਲਦੇਵ ਸਿੰਘ ਦੁੱਲਟ, ਪ੍ਰਕਾਸ਼ ਕੌਰ ਅਤੇ ਮਾਸਟਰ ਹਰਭਜਨ ਸਿੰਘ ਨੇ ਵਿਭਿੰਨ ਵਿਸ਼ਿਆਂ 'ਤੇ ਵਿਚਾਰ ਰੱਖੇ। ਹਰਜਿੰਦਰਪਾਲ ਸਿੰਘ ਚਾਹਲ, ਬਲਕਾਰ ਸਿੰਘ ਦਿਉਲ, ਚਰਨਜੀਤ ਕੌਰ ਸੰਧੂ, ਕਰਨਜੋਤ ਕੌਰ, ਸਤਨਾਮ ਸ਼ੇਰਗਿੱਲ, ਸੁਖਦੇਵ ਕੌਰ ਢਾਅ, ਰਾਣੀ ਕੌਰ ਢਾਅ, ਬਲਦੇਵ ਢਾਅ, ਗੁਰਮੀਤ ਢਾਅ, ਗੁਰਬਖ਼ਸ਼ ਸਿੰਘ ਗਿੱਲ, ਬਲਵਿੰਦਰ ਸਿੰਘ ਮਾਨ, ਸੁਖਵਿੰਦਰ ਸਿੰਘ ਮੱਟੂ, ਪਰਮਜੀਤ ਸਿੰਘ ਭੰਗੂ, ਮਹਿੰਦਰ ਕੌਰ ਕਾਲੀਰਾਏ, ਪ੍ਰਿਤਪਾਲ ਸਿੰਘ, ਰਣਦੀਪ ਸਿੰਘ ਸੰਧੂ, ਜੈ ਸਿੰਘ ਉਪਲ ਅਤੇ ਭੂਪਿੰਦਰ ਸਿੰਘ ਨੇ ਵਿਚਾਰ-ਚਰਚਾ ਵਿੱਚ ਹਿੱਸਾ ਲੈ ਕੇ ਪੇਸ਼ਕਾਰੀਆਂ ਨੂੰ ਅਰਥ-ਭਰਪੂਰ ਬਣਾਇਆ। ਸਕੱਤਰ ਦਰਸ਼ਨ ਬਰਾੜ ਨੇ ਜਾਇੰਟ ਸਕੱਤਰ ਸੋਨੀ ਮਾਂਗਟ ਦੇ ਤਾਲਮੇਲ ਨਾਲ਼ ਕਾਰਵਾਈ ਨੂੰ ਸੁਚਾਰੂ ਢੰਗ ਨਾਲ਼ ਚਲਾਇਆ। ਅਖੀਰ ਵਿੱਚ ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਕਬਿੱਤ ਰਾਹੀਂ 13 ਜੂਨ ਨੂੰ ਹੋਣ ਵਾਲ਼ੇ ਸਾਲਾਨਾ ਸਮਾਗਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਖਾਣ ਪੀਣ ਦਾ ਵਧੀਆ ਇੰਤਜ਼ਾਮ ਢਾਅ ਪਰਿਵਾਰ ਨੇ ਕੀਤਾ।

Calgary

ONWARD

ਮੁਫ਼ਤ। ਆਸਾਨ। ਸੁਰੱਖਿਅਤ।

ਪੇਂਟ, ਬੈਟਰੀਆਂ, ਸਫਾਈ ਉਤਪਾਦਾਂ ਅਤੇ ਰਸਾਇਣਾਂ ਵਰਗੀਆਂ ਘਰੇਲੂ ਰਹਿੰਦ-ਖੂੰਹਦ ਵਾਲੀਆਂ ਖਤਰਨਾਕ ਚੀਜ਼ਾਂ ਨੂੰ ਸ਼ਹਿਰ ਭਰ ਵਿੱਚ 11 ਥਾਵਾਂ 'ਤੇ ਡਰਾਪ-ਆਫ ਕਰੋ।




ਇਹ ਚੀਜ਼ਾਂ ਤੁਹਾਡੀ ਨੀਲੀ, ਹਰੀ ਜਾਂ ਕਾਲੀ ਕਾਰਟ ਵਿੱਚ ਨਹੀਂ ਜਾਣੀਆਂ ਚਾਹੀਦੀਆਂ ਹਨ।

calgary.ca/HHW 'ਤੇ ਮੁਫ਼ਤ ਡਰਾਪ-ਆਫ ਸਾਈਟ ਲੱਭੋ।

26-00054200 | CRV-45608

# ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਵੱਲੋਂ ਮਦਰ ਡੇ ਮਨਾਇਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਬੀਤੇ ਦਿਨੀ ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਵੱਲੋਂ ਮਦਰ ਡੇ ਮਨਾਉਣ ਲਈ ਹਾਲ ਅੰਦਰ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸੰਸਥਾ ਦੇ ਜਰਨਲ ਸਕੱਤਰ ਦਰਸ਼ਨ ਸਿੰਘ ਔਲਖ ਨੇ ਹਾਜ਼ਰੀ ਨਾਲ ਗੁਰ ਫਤਿਹ ਸਾਂਝੀ ਕਰਦਿਆਂ ਮਦਰ ਡੇ ਦੀ ਵਧਾਈ ਦਿੱਤੀ। ਪ੍ਰੋਗਰਾਮ ਦੇ ਸ਼ੁਰੂ ਵਿੱਚ ਮੇਜਰ ਸਿੰਘ ਧਾਲੀਵਾਲ ਨੇ ਕਿਹਾ ਕਿ ਇਹ ਦਿਨ ਸਾਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ ਇਸ ਦਾ ਮਕਸਦ ਮਾਂ ਨੂੰ ਯਾਦ ਕਰਨਾ ਅਤੇ ਮਾਨ ਸਤਿਕਾਰ ਦੇਣਾ ਹੈ। ਸੁਖਮੰਦਰ ਸਿੰਘ ਗਿੱਲ ਨੇ ਦੋ ਗੀਤ ਇੱਕ ਮਾਂ ਬਾਰੇ ਅਤੇ ਦੂਜਾ ਮਿਸਰੀ ਨਾਲੋਂ ਮਿੱਠੀ ਸਾਡੀ ਮਾਂ ਬੋਲੀ ਪੰਜਾਬੀ ਬਾਰੇ ਪੇਸ਼ ਕੀਤੇ । ਪ੍ਰਿੰਸੀਪਲ ਸਤਪਾਲ ਕੌਸ਼ਲ ਨੇ ਮਦਰ ਡੇ ਸਬੰਧੀ ਬੜੇ ਵਿਸਥਾਰ ਨਾਲ ਚਾਨਣਾ ਪਾਇਆ। ਮਾਂ ਅਤੇ ਮਾਂ ਬੋਲੀ ਪੰਜਾਬੀ ਬਾਰੇ ਬੜੀ ਪ੍ਰਭਾਵਸ਼ਾਲੀ ਕਵਿਤਾ ਵੀ ਸੁਣਾਈ। ਬਿੱਕਰ ਸਿੰਘ ਸੰਧੂ ਨੇ ਜਾਣਕਾਰੀ ਦਿੱਤੀ ਕਿ ਸਭ ਤੋਂ ਪਹਿਲਾਂ ਮਦਰ ਡੇ ਅਮਰੀਕਾ ਵਿੱਚ ਮਨਾਉਣਾ ਸ਼ੁਰੂ ਕੀਤਾ ਗਿਆ ਸੀ। ਉਹਨਾਂ ਕਿਹਾ ਕਿ ਮਾਂ ਦਾ ਜਿੰਨਾ ਵੀ ਸਤਿਕਾਰ ਕੀਤਾ ਜਾਵੇ ਉਹ ਥੋੜਾ ਹੈ ਭਾਵੇਂ ਕਿੰਨੀਆਂ ਵੀ ਔਕੜਾਂ ਹੋਣ ਮਾਂ ਨੂੰ ਰੁਲਣ ਨਹੀਂ ਦੇਣਾ ਚਾਹੀਦਾ । ਇਸ ਮਹੀਨੇ ਵਿੱਚ ਆਏ ਬਜ਼ੁਰਗਾਂ ਦੇ ਜਨਮਦਿਨ ਮਨਾਏ ਗਏ। ਉਹਨਾਂ ਸਭ ਨੂੰ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ। ਅਖੀਰ ਵਿੱਚ ਸੰਸਥਾ ਦੇ ਪ੍ਰੈਜੀਡੈਂਟ ਮੇਜਰ ਸਿੰਘ ਧਾਲੀਵਾਲ ਨੇ ਆਏ ਹੋਏ ਸਭ ਹਾਜ਼ਰੀਨ ਦਾ ਸ਼ੁਕਰੀਆ ਅਦਾ ਕੀਤਾ । ਬੀਬੀਆਂ ਨੂੰ ਫੁੱਲ ਭੇਂਟ ਕਰਕੇ ਮਾਵਾਂ ਦੇ ਤੌਰ ਤੇ ਸਤਿਕਾਰ ਕੀਤਾ ਗਿਆ। ਹਮੇਸ਼ਾ ਦੀ ਤਰ੍ਹਾਂ ਚਾਹ ਪਾਣੀ ਦੀ ਸੇਵਾ ਕੁਲਬੀਰ ਕਾਲਕਟ ਸੁਰਮੁੱਖ ਸਿੰਘ ਕੂਨਰ ਨੇ ਨਿਭਾਈ।





















# ਬੜਾ ਘਾਤਕ ਰੂਪ ਧਾਰ ਸਕਦਾ ਹੈ ਵੱਧ ਰਿਹਾ ਕ੍ਰਾਈਮ

**ਪਰਮਜੀਤ ਕੌਰ ਸੋਢੀ**

ਦੁਨੀਆਂ ਤੇ ਬਦਲ ਰਹੇ ਮਹੌਲ ਨਾਲ ਅੱਜ਼ ਦਾ ਮਨੁੱਖ ਗਲਤ ਢੰਗ ਨਾਲ ਅੱਗੇ ਵਧ ਰਿਹਾ ਹੈ ।ਕਿਉਕਿ ਅੱਜ ਦੇ ਟਾਇਮ ਵਿੱਚ ਕਈ ਇਨਸਾਨ ਗਲਤ ਤਰੀਕੇ ਨਾਲ ਅੱਗੇ ਵੱਧਣ ਦੇ ਤਰੀਕੇ ਲੱਭ ਰਿਹੇ ਹਨ। ਜੋ ਸਰਾਸਰ ਗਲਤ ਹੈ ਜੀ ।ਪਰ ਅੱਜ ਦਾ ਮਨੁੱਖ ਬਿਨਾ ਮਿਹਨਤ ਕੀਤੇ ਰਾਤੋ,ਰਾਤ ਅਮੀਰ ਬਨਣਾ ਚੁੰਹਦਾ ਹੈ। ਪਰ ਇਸ ਮਾੜੀ ਸੋਚ ਤੇ ਗਲਤ ਢੰਗ ਨਾਲ ਅੱਗੇ ਵੱਧਣ ਦੇ ਲਈ ਬੰਦਾ ਆਪਣੀ ਸੋਚ ਨੂੰ ਖੁੰਢਾ ਤੇ ਨਿਕਾਰਾ ਕਰ ਲੈਂਦਾ ਹੈ। ਇਸੇ ਲਈ ਤਾਂ ਕ੍ਰਾਈਮ ਵੱਧ ਰਿਹਾ ਹੈ ਜੀ। ਜੋ ਹਰੇਕ ਲਈ ਬਹੁਤ ਹੀ ਖਾਤਕ ਸਿੱਧ ਹੋ ਰਿਹਾ ਹੈ ।ਕਿਉਕਿ ਗਲਤ ਢੰਗ ਨਾਲ ਅੱਗੇ ਵੱਧਣ ਵਾਲੇ ਵਿਆਕਤੀਆ ਦੀ ਸੋਚ ਆਮ ਵਿਆਕਤੀਆ ਨਾਲੋ ਅਲੱਗ ਤੇ ਸੌੜੀ ਹੁੰਦੀ ਹੈ ।ਇਸ ਲਈ ਤਾਂ ਮਾੜੀਆ ਵਿਚਾਰਧਾਰਾ ਇੰਨਾ ਦੇ ਦਿਮਾਗ ਅੰਦਰ ਉਪਜਦੀਆ ਹਨ। ਐਸੇ ਮਨੁੱਖ ਕਿਸੇ ਹੋਰ ਦਾ ਵਿਗਾੜ ਕੇ ਆਂਪਣਾ ਸੰਵਾਰਦੇ ਹਨ ਪਰ ਜਿੰਦਗੀ ਵਿੱਚ ਹਮੇਸਾ,ਹਮੇਸਾ ਲਈ ਇਕੱਲਤਾ ਹੰਢਾਉਣ ਲਈ ਮਜਬੂਰ ਹੋ ਜਾਦੇ ਹਨ ।ਐਸੈ ਲੋਕਾ ਦੀ ਇਨਸਾਨੀਅਤ ਮਰ ਚੁੱਕੀ ਹੁੰਦੀ ਹੈ ।ਇਹ ਲੋਕ ਕੇਵਲ ਆਪਣਾ ਉੱਲੂ ਹੀ ਸਿੱਧਾ ਰੱਖਦੇ ਹਨ। ਇਹ ਲੋਕ ਜਿਆਦਾਤਰ ਨਸ਼ਿਆ ਦੇ ਧਾਰਨੀ ਹੁੰਦੇ ਨੇ ।ਔਰ ਗਲਤ ਕੰਮ ਵੀ ਨਸ਼ਾ ਕਰਕੇ ਹੀ ਕਰਦੇ ਹਨ ।ਨਸ਼ਾ ਇਨੰਾ ਨੂੰ ਇਸ ਕਦਰ ਗੁਲਾਮ ਬਣਾ ਲੈਂਦਾ ਹੈ ਕਿ ਨਸ਼ਿਆ ਦੇ ਹੜ ਵਿੱਚੋ ਇਹ ਕਦੇ ਨਿਕਲ ਹੀ ਨਹੀ ਸਕਦੇ ।ਜਿਵੇ ਸਿਆਣੇ ਕਹਿੰਦੇ ਹਨ ਕਿ ਪੰਜੇ ਉੱਗਲਾਂ ਤੇ ਬਰਾਬਰ ਨਹੀ ਹੁੰਦੀਆ ਇਸੇ ਤ੍ਰਰਾ ਸਾਰੇ ਮਨੁੱਖ ਵੀ ਇਕੋ ਜਿਹੇ ਨਹੀ ਹੁੰਦੇ ।ਅੱਜ਼ ਵੀ ਤਹਾਨੂੰ ਬਹੁਤ ਇਨਸਾਨ ਐਸੇ ਮਿਲਣਗੇ ਜਿੰਨਾ ਵਿੱਚ ਅਜੇ ਵੀ ਇਨਸਾਨੀਅਤ, ਇਮਾਨਦਾਰੀ, ਨਿਮਰਤਾ ਸਹਿਣਸੀਲਤਾ ਅਤੇ ਦਯਾ ਜਿੰਦਾ ਹੈ ।ਪਰ ਅਜਿਹੇ ਸਮੇ ਵਿੱਚ ਅੱਖਾ ਬੰਦ ਕਰਕੇ ਹਰ ਕਿਸੇ ਤੇ ਵਿਸਵਾਸ਼ ਕਰਨਾ ਔਖਾਂ ਕੰਮ ਹੈ । ਕਿਉਕਿ ਫਟਕੜੀ ਤੇ ਮਿਸ਼ਰੀ ਦੀ ਸ਼ਕਲ ਇੱਕੋ ਜਿਹੀ ਹੀ ਹੁੰਦੀ ਹੈ। ਇਸ ਲਈ ਹਮੇਸ਼ਾ ਸੋਚ ਸਮਝ ਕੇ ਚੱਲਣਾ ਹੀ ਸਮਝਦਾਰੀ ਹੁੰਦੀ ਹੈ। ਦੋਸਤੋ ਅੱਜ ਇਨਸਾਨ ,ਇਨਸਾਨ ਨਹੀ ਹੇਵਾਨ ਬਨ ਚੁੱਕਾ ਹੈ। ਆਪ ਸਫਲ ਹੋਣ ਲਈ ਰਾਹ ਦੇ ਅੱੜਿਕੇ ਖਤਮ ਕਰਦਾ ਕਰਦਾ ਰਿਸ਼ਤਿਆ ਦਾ ਹੀ ਘਾਣ ਕਰ ਰਿਹਾ ਹੈ ।ਪੈਸੇ ਦੀ ਦੌੜ ਨੇ ਕ੍ਰਾਂਈਮ ਵਧਾ ਦਿੱਤਾ ਹੈ ।ਸੋ ਦੋਸਤੋ ਸਮਝ ਜਾਉ ਅਜੇ ਵੀ ਮੌਕਾ ਹੈ ਸੰਭਲਣ ਦਾ ਇੱਕ ਵਾਰ ਲੰਘਿਆ ਸਮਾ ਮੁੜ ਹੱਥ ਨਹੀ ਆਉਦਾ ।ਆਪਣੀ ਸੋਚ ਦੇ ਘੇਰੇ ਨੂੰ ਵਿਸ਼ਾਲ ਬਣਾਓ ਜਿਸ ਵਿੱਚ ਇਨਸਾਨੀਅਤ, ਕਾਬਲੀਅਤ, ਖੁਸ਼ਹਾਲੀ, ਨਿਮਰਤਾ ਜਿਹੇ ਗੁਣ ਟਿਕ ਜਾਣ ।ਇਸ ਦੇ ਉਲਟ ਲਾਲਚ ,ਬੇਈਮਾਨੀ, ਭਰਿਸ਼ਟਾਚਾਰ,ਵਿਹਲ ਬੰਦੇ ਨੂੰ ਟਿਕਣ ਨਹੀ ਦਿੰਦੇ। ਸਾਡੀਆ ਸਰਕਾਰਾ ਨੂੰ ਵੀ ਚਾਹੀਦਾ ਹੈ ਕਿ ਪੜੇ ਲਿਖੇ ਵਰਗ ਨੂੰ ਵੱਧ ਤੋ ਵੱਧ ਨੌਕਰੀਆ ਦਿੱਤੀਆ ਜਾਣ ।ਇੰਡਸਟਰੀਆ ਲਗਾਈਆ ਜਾਣ,ਘੱਟ ਵਿਆਜ ਤੇ ਲੋਨ ਦਿੱਤੇ ਜਾਣ ਜਿਸ ਨਾਲ ਹਰ ਵਰਗ ਦੇ ਲੋਕਾ ਨੂੰ ਕੰਮਕਾਰ ਮਿਲ ਸਕੇ ਕਿਉਕਿ ਵਿਹਲਾ ਮਨ ਸੈਤਾਨ ਦਾ ਘਰ ਹੁੰਦਾ ਹੈ। ਜੇਕਰ ਸਭ ਆਪੋ ਆਪਣੇ ਕਾਰੋਬਾਰ ਵਿੱਚ ਲੱਗ ਆਪਣੀਆ ਲੋੜਾ ਪੂਰੀਆ ਕਰਨਗੇ ਤਾਂ ਕ੍ਰਾਈਮ ਆਪਣੇ ਆਪ ਹੀ ਘਟ ਜਾਵੇਗਾ। ਅਖੀਰ ਵਿੱਚ ਮੇਰੀ ਸਾਰਿਆ ਨੂੰ ਇਹੀ ਸਲਾਹ ਹੈ ਕਿ ਚੰਗਾ ਸਾਹਿਤ ਪੜੋ,ਸਹੀ ਸੋਚ ਅਪਣਾਓ। ਜਿਸ ਨਾਲ ਆਪਾ ਸਾਰੇ ਸਕਾਰਤਮਿਕ ਸੋਚ ਦੇ ਧਾਰਣੀ ਬਣੀਏ ਤੇ ਵੱਧ ਰਹੇ ਕ੍ਰਾਈਮ ਤੋ ਬਚ ਸਕੀਏ।



















# ਭਗਵੰਤ ਸਿਆਂ ਤੇਰੀਆਂ ਗੱਲਾਂ ‘ਤੇ ਹਾਸਾ ਤਾਂ ਮੈਨੂੰ ਵੀ ਬਹੁਤ ਆਉਂਦੈ ਪਰ: ਸੁਖਬੀਰ ਬਾਦਲ

**ਹਰਦੀਪ ਸਿੰਘ ਜਟਾਣਾ**
9417254517

ਇੱਕ ਦਿਨ ਅਚਾਨਕ ਹੀ ਕਿਸੇ ਵਿਆਹ ਸਮਾਗਮ ਵਿੱਚ ਸੁਖਬੀਰ ਬਾਦਲ ਅਤੇ ਭਗਵੰਤ ਮਾਨ ਦੇ ਮੇਲ ਹੋ ਗਏ । ਵੱਖਰੇ ਕਮਰੇ ਵਿੱਚ ਚਾਹ ਪਕੌੜਿਆਂ ਦੀ ਧੁੱਕੀ ਕੱਢੀਂ ਜਾ ਰਹੇ ਸੁਖਬੀਰ ਬਾਦਲ ਕੋਲ ਹੀ ਘਰ ਵਾਲਿਆਂ ਨੇ ਭਗਵੰਤ ਮਾਨ ਦਾ ਵਿਛੌਣਾ ਕਰ ਦਿੱਤਾ। ਚਾਹ ਦਾ ਕੱਪ ਭਗਵੰਤ ਮਾਨ ਵੱਲ ਕਰਕੇ ਫੋਕੀ ਸੁਲ੍ਹਾ ਜਿਹੀ ਮਾਰਦਾ ਸੁਖਬੀਰ ਬੋਲਿਆ ਮਾਨ ਸਾਹਬ ਚਾਹ ਲਓਂਗੇ ਕਿ ਥੋਡੇ ਆਲਾ ਜੁਗਾੜ ਸ਼ੁਰੂ ਕਰੋਗੇ।

ਮਾਨ ਆਹਦਾ ਕੋਈ ਗੱਲ ਨਹੀਂ ਬਾਦਲ ਸਾਹਬ ਮਾਰੋ ਤੁਸੀਂ ਸ੍ਰੋਮਣੀ ਕਮੇਟੀ ਵਾਲੀ ਚਾਹ ਵਾਂਗ ਏਸ ਚਾਹ ਦੇ ਸੁੜਾਕੇ ,ਮੈਂ ਤਾਂ ਲੱਸੀ ਪੀਊਂ । ਇਧਰ ਉੱਧਰ ਦੀਆਂ ਗੱਲਾਂ ਚੱਲੀਆਂ ਚੱਲੀਆਂ ਤਾਂ ਬਾਦਲ ਆਹਦਾ ਸਤੌਜ ਆਲਿਆ ਮੈਂ ਭਾਈ ਤੈਨੂੰ ਕੁਲਫੀ ਗਰਮਾ ਗਰਮ ਵੇਲੇ ਤੋਂ ਸੁਣਦਾ ਆ ਰਿਹਾਂ । ਗੱਲਾਂ ਤੇਰੀਆਂ ਹੁਣ ਵਾਲੀਆਂ ਵੀ ਬਹੁਤ ਹਸੌਣੀਆਂ ਹੁੰਦੀਐਂ ਤੇ ਮੈਨੂੰ ਵੀ ਬਹੁਤ ਹਾਸਾ ਆਉਂਦੈ ਪਰ ਪਤੰਦਰਾ ਤੂੰ ਹਾਸੇ ਠੱਠਿਆਂ ਨਾਲ ਹੀ ਚਾਰੀਂ ਜਾਨੈ ਲੋਕਾਂ ਨੂੰ ਕੋਈ ਅਸਲੀ ਕੰਮ ਵੀ ਕਰ ਲਿਆ ਕਰ ।ਮਾਨ ਸਾਹਬ ਚੁਟਕਲਿਆਂ ਦੇ ਨਾਲ ਨਾਲ ਕੋਈ ਐਲਾਣ ਵੀ ਕਰ ਦਿਆ ਕਰੋ।

ਮਾਨ ਆਹਦਾ ਚੁਟਕਲੇ ਤਾਂ ਸੁਖਬੀਰ ਸਿਆਂ ਤੁਹਾਡੇ ਪਿਉਂਆਂ ਸਮਾਨ ਵੱਡੇ ਬਾਦਲ ਸਾਹਬ ਵੀ ਸੁਣਾ ਦਿੰਦੇ ਹੁੰਦੇ ਸੀ ਕਦੇ ਕਦੇ ਪਰ ਉਨ੍ਹਾਂ ਦੇ ਚੁਟਕਲੇ ਮਾਝੇ ਵਾਲੇ ਜਰਨੈਲ ਤੇ ਤੈਂ ਹੌਕਿਆਂ ‘ਚ ਬਦਲਤੇ । ਪੰਜ ਵਾਰ ਦਾ ਮੁੱਖ ਮੰਤਰੀ ਰਿਹਾ ਬੰਦਾ ਅੰਤਲੇ ਵਕਤ ਹਾਰ ਨਾਲ ਵਿਦਾ ਹੋਇਆ।




ਸੁਖਬੀਰ ਆਹਦਾ ਮਾਨ ਸਾਹਬ ਜਿਹੜੀ ਤੁਸੀਂ ਸਾਡੇ ਵਾਲੀ ਕਿੱਕਲੀ ਗਾਉਂਦੇ ਹੁੰਨੇ ਓਂ ਹੈ ਓਹ ਵੀ ਬਹੁਤ ਘੈਂਟ ਪਰ ਮੈਨੂੰ ਲੱਗਦੈ ਦਿੱਲੀ ਵਾਲੇ ਕਿਤੇ ਥੋਡੀ ਕਿੱਕਲੀ ਨਾ ਪਵਾ ਦੇਣ ਐਤਕੀ। ਜਿਹੜੇ ਹਿਸਾਬ ਨਾਲ ਥੋਡੇ ਵੱਲੋਂ ਆਮ ਘਰਾਂ ਦੇ ਵਰਕਰ ਛੱਡ ਕੇ ਰਾਜ ਸਭਾ ‘ਚ ਭੇਜੇ ਖਾਸ ਘਰਾਂ ਦੇ ਬੰਦਿਆਂ ਨੇ ਛਾਲ ਮਾਰੀ ਐ ਏਸ ਹਿਸਾਬ ਨਾਲ ਤਾਂ 2027 ‘ਚ ਥੋਨੂੰ ਟਿਕਟਾਂ ਵੰਡਣ ਲਈ ਵੀ ਬੰਦੇ ਦਿੱਲੀ ਤੋਂ ਪਾਰਸਲ ਕਰਵਾਉਂਣੇ ਪੈਣਗੇ।ਲੱਸੀ ਦੇ ਗਿਲਾਸ ਨੂੰ ਮੂੰਹ ਨਾਲੋਂ ਲਾਹ ਕੇ ਮੁੱਛਾਂ ਪੂੰਝਦਾ ਭਗਵੰਤ ਬੋਲਿਆ ਬਾਦਲ ਸਾਹਬ ਸਾਡੇ ਤਾਂ ਐਸੇ ਦਿਨ ਜਦੋਂ ਆਉਂਣਗੇ ਵੇਖੀ ਜਾਊ ਪਰ ਇਹ ਦਿਨ ਵੇਖਦਿਆਂ ਨੂੰ ਥੋਨੂੰ ਤਾਂ ਪੌਣੇ ਦੋ ਪਲਾਨ ਲੰਘ ਗਏ। ਵੇਖਿਓ ਕਿਤੇ ਪਾਣੀ ਵਾਲੀ ਬੱਸ ਵਾਂਗ ਤੁਸੀਂ ਰੜੇ ਮੈਦਾਨ ਨਾ ਸੁੱਕਣੇ ਪੈ ਜਾਇਓ । ਬਾਦਲ ਸਾਹਬ ਕੀ ਹਾਲ ਨੇ ਥੋਡੇ ਬੈਂਗਣਾਂ ਦੀ ਤਰੀ ਪੀਣੇ ਰਿਸਤੇਦਾਰ ਦੇ ? ਸੁਖਬੀਰ ਸਿਆਂ ਹੋਂ ਤਾਂ ਤੁਸੀਂ ਮੈਥੋਂ ਵੱਡੇ ਵੀ, ਪੁਰਾਣੇ ਵੀ ਤੇ ਅਮੀਰ ਵੀ ਪਰ ਜਿਹੜੇ ਹਾਲਤ ਪੰਜਾਬ ਦੇ ਤੁਸੀਂ ਕੀਤੇ ਨੇ ਇਨ੍ਹਾਂ ਨੂੰ ਠੀਕ ਕਰਨਾ ਕੈਂਸਰ ਦਾ ਇਲਾਜ ਕਰਨ ਬਰਾਬਰ ਐ।

ਵੇਖ ਭਗਵੰਤ ਜੇ ਆਪਾਂ ਰਲ ਕੇ ਸਿਆਣਪ ਕਰੀਏ ਤੇ ਪੰਜਾਬ ਨੂੰ ਰੰਗਲਾ ਬਣਾਈਏ ਤਾਂ ਰਾਜ ਕਰਨ ਦਾ ਅਨੰਦ ਵੀ ਵੱਖਰਾ ਆਊ। ਹੁਣ ਸਾਰੀਆਂ ਰਾਜਨੀਤਿਕ ਪਾਰਟੀਆਂ ਪਹਿਲਾਂ ਪੰਜ ਸਾਲ ਲੋਕਾਂ ਨੂੰ ਲੁੱਟਦੀਆਂ ਰਹਿੰਦੀਆਂ ਨੇ ਅਤੇ ਫਿਰ ਵੋਟਾਂ ਵੇਲੇ ਪਾਪਾਂ ਨਾਲ ਇਕੱਠੇ ਕੀਤੇ ਧਨ ਨੂੰ ਨਸ਼ਿਆਂ ‘ਤੇ ਖਰਚਕੇ ਸਮਾਜ ਦੀ ਫੱਟੀ ਪੋਚ ਦਿੰਦੀਆਂ ਨੇ। ਰਾਜਨੀਤੀ ਦੇ ਏਸ ਪ੍ਰਚਲਣ ਨੇ ਪੰਜਾਬ ਦਾ ਨਾ ? ਮਾਰ ਦਿੱਤਾ। ਸਾਡੀ ਚੌਧਰ ਕੀ ਸਵਾਹ ਹੈ। ਅਸੀਂ ਕਰਜਈ, ਨਸ਼ੇੜੀਆਂ ਅਤੇ ਬਿਮਾਰ ਲੋਕਾਂ ਦੇ ਨੇਤਾ ਬਣਕੇ ਰਹਿ ਗਏ ਹਾਂ। ਚੰਗਾ ਬੰਦਾ ਸਾਨੂੰ ਮੂੰਹ ਨਹੀਂ ਲਗਾਉਂਦਾ। ਜਿੰਨੀਆਂ ਗਾਲਾਂ ਤੇ ਬੋਲ ਕਬੋਲ ਲੋਕ ਨੇਤਾਵਾਂ ਨੂੰ ਬੋਲਦੇ ਨੇ ਐਨਾ ਤਾਂ ਲੋਕ ਅਵਾਰਾ ਕੁੱਤੇ ਤੇ ਬੇਸਹਾਰਾ ਢੱਠਿਆਂ ਨਾਲ ਨਹੀਂ ਕਰਦੇ । ਭਗਵੰਤ ਤੂੰ ਕੋਈ ਮੁਹਿੰਮ ਚਲਾ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਚੰਗਾ ਸੋਚਣ ਅਤੇ ਚੰਗਾ ਕਰਨ ਲੱਗਣ।

ਸੁਖਬੀਰ ਸਿੰਆਂ ਮੈਨੂੰ ਲੱਗਦੈ ਅੱਜ ਤੂੰ ਪਹਿਲੀ ਵਾਰ ਚੰਗੀ ਗੱਲ ਕੀਤੀ ਹੈ। ਸੁਖਬੀਰ ਸਿਆਂ ਤਾਕਤਾਂ ਆਉਂਦੀਆਂ ਜਾਂਦੀਆਂ ਹੀ ਰਹਿੰਦੀਆਂ ਨੇ। ਤੂੰ ਯਾਦ ਕਰ ਤੇਰੇ ਮੇਰੇ ਵੇਖਦੇ ਵੇਖਦੇ ਕਿੰਨੇ ਰਾਜਨੀਤਿਕ ਘਰਾਣੇ ਅਰਸ਼ ਤੋਂ ਫਰ ? ‘ਤੇ ਜਾ ਡਿੱਗੇ। ਜਿੰਨ੍ਹਾਂ ਦੀ ਤੂਤੀ ਬੋਲਦੀ ਰਹੀ ਹੈ ਹੁਣ ਪੀਪਣੀ ਵੀ ਸੁਣਾਈ ਨਹੀਂ ਦਿੰਦੀ। ਦੋਵੇਂ ਨੇਤਾ ਚੰਗਾ ਸਮਾਜ ਸਿਰਜਣ ਦੀ ਗੱਲ ਕਹਿਕੇ ਵਿਦਾ ਹੋਣ ਲੱਗੇ। ਐਨੇ ਨੂੰ ਬਿਜਲੀ ਕੱਟ ਲੱਗ ਗਿਆ ਅਤੇ ਟੀ ਵੀ ਬੰਦ ਹੋਣ ਕਾਰਨ ਉੱਪਰ ਲਿਖੀ ਸੁਪਨਮਈ ਕਾਰਟੂਨ ਫਿਲਮ ਦਿਸਣੋ ਬੰਦ ਹੋ ਗਈ।












## ਪੁਸਤਕ ਸਮੀਖਿਆ

# ਪੰਜਾਬ ਦੇ ਅਨਮੋਲ ਹੀਰੇ




ਸਮੀਖਿਆਕਾਰ
ਜਗਦੇਵ ਸਿੱਧੂ

'ਪੰਜਾਬ ਦੇ ਅਨਮੋਲ ਹੀਰੇ' ਸਤਨਾਮ ਸਿੰਘ ਢਾਅ ਦੀ ਮੁਲਾਕਾਤਾਂ ਦੀ ਚੌਥੀ ਕਿਤਾਬ ਹੈ ਜੋ ਸਪਤਰਿਸ਼ੀ ਪਬਲੀਕੇਸ਼ਨ, ਚੰਡਾਗੜ੍ਹ ਨੇ ਛਾਪੀ ਹੈ। ਕੁੱਲ 143 ਸਫ਼ਿਆਂ ਦੀ ਇਸ ਕਿਤਾਬ ਦਾ ਮੁੱਲ 220 ਰੁਪਏ ਹੈ। ਇਸ ਵਿੱਚ ਚਾਰ ਮੁਲਾਕਾਤਾਂ ਸ਼ਾਮਲ ਹਨ ਜਿੰਨ੍ਹਾਂ ਵਿੱਚ ਤਿੰਨ ਪਹਿਲੀਆਂ ਕਿਤਾਬਾਂ ਵਿੱਚੋਂ ਲਈਆਂ ਹਨ ਅਤੇ ਚੌਥੀ, ਡਾ. ਗੁਰਦੇਵ ਸਿੰਘ ਖ਼ੁਸ਼ ਨਾਲ਼ ਕੀਤੀ ਮੁਲਾਕਾਤ ਇੱਕਹਿਰੇ ਕਿਤਾਬਚੇ 'ਚੋਂ ਲਈ ਹੈ। ਇਸ ਦਾ ਮਕਸਦ ਗ਼ੈਰ-ਸਾਹਿਤਕਾਰ ਸ਼ਖ਼ਸੀਅਤਾਂ ਨੂੰ ਇੱਕ ਵੱਖਰੀ ਜਿਲਦ ਦੇ ਰੂਪ ਵਿੱਚ ਪੇਸ਼ ਕਰਨਾ ਹੈ। ਇਸ ਵਿੱਚ ਤਿੰਨ ਉੱਘੇ ਵਿਗਿਆਨੀ ਹਨ ਅਤੇ ਇੱਕ ਮਹਾਨ ਖਿਡਾਰੀ ਹੈ ਜਿੰਨ੍ਹਾਂ ਨੂੰ ਸੱਚ-ਮੁੱਚ ਪੰਜਾਬ ਦੇ ਅਨਮੋਲ ਹੀਰੇ ਕਹਿ ਕੇ ਸਨਮਾਨਣਾ ਯੋਗ ਲਗਦਾ ਹੈ।

ਸਾਹਿਤ ਦੀਆਂ ਵਿਧਾਵਾਂ ਵਿੱਚ ਕਾਵਿ, ਨਾਵਲ, ਨਾਟਕ, ਕਹਾਣੀਆਂ, ਜੀਵਨੀਆਂ, ਸਫ਼ਰਨਾਮੇ ਅਤੇ ਵਾਰਤਕ ਦੇ ਕਈ ਰੂਪ ਗਿਣੇ ਜਾ ਸਕਦੇ ਹਨ। ਮੁਲਾਕਾਤਾਂ ਇੱਕ ਵਿਲੱਖਣ ਅਤੇ ਆਪਣੀ ਥਾਂ ਅਹਿਮ ਵਿਧਾ ਹੈ ਜਿਸ ਵਾਸਤੇ ਵਿਸ਼ੇਸ਼ ਕਿਸਮ ਦੇ ਹੁਨਰ ਦੀ ਲੋੜ ਪੈਂਦੀ ਹੈ। ਇੱਕ ਵਿਧਾ ਇਹ ਵੀ ਹੈ ਜੋ ਜੰਗ ਬਹਾਦਰ ਗੋਇਲ ਨੇ 'ਵਿਸ਼ਵ ਦੇ ਸ਼ਾਹਕਾਰ ਨਾਵਲ' ਦੇ ਨਾਂ ਹੇਠ ਕਈ ਭਾਗਾਂ ਵਿੱਚ ਛਾਪੀ ਹੈ। ਇਨ੍ਹਾਂ ਨੂੰ ਪੜ੍ਹ ਕੇ ਸ਼ਾਮਲ ਕੀਤੇ ਨਾਵਲ ਪੜ੍ਹਨ ਦੀ ਜਗਿਆਸਾ ਜਾਗਦੀ ਹੈ, ਪਰ ਜੇ ਅਜਿਹਾ ਸੰਭਵ ਨਾ ਹੋਵੇ ਤਾਂ ਵੀ ਸਮਝੋ ਤੁਸੀਂ ਨਾਵਲ, ਨਾਵਲਕਾਰ ਅਤੇ ਪ੍ਰਕਾਸ਼ਕ ਬਾਰੇ ਮੋਟੀ-ਮੋਟੀ ਜਾਣਕਾਰੀ ਹਾਸਲ ਕਰ ਲਈ ਹੈ। ਠੀਕ ਇਸੇ ਤਰ੍ਹਾਂ ਜੇ ਕਿਸੇ ਖੇਤਰ ਦੀ ਮਹਾਨ ਹਸਤੀ ਬਾਰੇ ਜਾਨਣਾ ਹੋਵੇ ਤਾਂ ਮੁਲਾਕਾਤਾਂ ਦੀ ਵਿਧਾ ਸਹਾਈ ਹੋ ਸਕਦੀ ਹੈ। ਇਹ ਮੁਲਾਕਾਤੀ ਦੇ ਹੁਨਰ, ਤਕਨੀਕ, ਗਿਆਨ ਅਤੇ ਤਜਰਬੇ ਉਪਰ ਨਿਰਭਰ ਕਰਦਾ ਹੈ ਕਿ ਉਹ ਕਿਸੇ ਨੂੰ ਖੁਰਚ ਕੇ ਕਿੰਨੀ ਕੁ ਜਾਣਕਾਰੀ ਬਾਹਰ ਕਢਵਾ ਸਕਦਾ ਹੈ। ਅੱਜ ਕੱਲ੍ਹ ਪੰਜਾਬੀ ਦੇ ਕੁੱਝ ਮਿਆਰੀ ਰਸਾਲਿਆਂ ਦੇ ਸ਼ੁਰੂ ਵਿੱਚ ਕਿਸੇ ਸਾਹਿਤਕਾਰ ਨਾਲ਼ ਕੀਤੀ ਲੰਮੀ ਮੁਲਾਕਾਤ ਮਿਲ ਜਾਂਦੀ ਹੈ। ਮੁਲਾਕਾਤ ਦਾ ਢੰਗ ਵਾਰਤਾਲਾਪੀ ਹੁੰਦਾ ਹੈ।

ਸਤਨਾਮ ਸਿੰਘ ਢਾਅ ਸਾਹਿਤ ਦਾ ਚੰਗਾ ਅਧਿਅਨਕਰਤਾ ਹੈ। ਉਸ ਦੀ ਘਰੇਲੂ ਲਾਇਬ੍ਰੇਰੀ ਵਿੱਚ ਸੈਂਕੜੇ ਪੁਸਤਕਾਂ ਹਨ। ਕਈ ਰਸਾਲੇ ਉਸ ਨੇ ਲਵਾ ਰੱਖੇ ਹਨ। ਕੈਲਗਰੀ ਦੀ 'ਅਰਪਨ ਲਿਖਾਰੀ ਸਭਾ' ਦਾ ਰੂਹੇ-ਰਵਾਂ ਹੈ। ਉਸ ਨੇ ਬਹੁਤੇ ਲੇਖਕਾਂ ਨੂੰ ਨੇੜਿਉਂ ਹੋ ਕੇ ਜਾਣਿਆਂ ਹੈ। ਉਸ ਨੂੰ ਹੋਰ ਵੀ ਨਾਮੀ ਸ਼ਖ਼ਸੀਅਤਾਂ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਕਈ ਸਾਲਾਂ ਤੋਂ ਲਗਾਤਾਰ ਮੁਲਾਕਾਤਾਂ ਕਰਦਿਆਂ ਇਸ ਹੁਨਰ ਵਿੱਚ ਪ੍ਰਵੀਨਤਾ ਹਾਸਲ ਕਰ ਲਈ ਹੈ। ਜਿਸ ਨਾਲ਼ ਮੁਲਾਕਾਤ ਕਰਨੀ ਹੁੰਦੀ ਹੈ, ਉਸ ਦੇ ਜੀਵਨ ਬਾਰੇ, ਵਿੱਦਿਆ, ਪੇਸ਼ੇ, ਲਿਖਤਾਂ ਅਤੇ ਪ੍ਰਾਪਤੀਆਂ ਬਾਰੇ ਪਹਿਲਾਂ ਲੋੜੀਂਦੀ ਜਾਣਕਾਰੀ ਹਾਸਲ ਕਰਦਾ ਹੈ, ਫਿਰ ਆਪਣੇ ਆਪ ਨੂੰ ਮੁਲਾਕਾਤ ਕਰਨ ਲਈ ਤਿਆਰ ਕਰਦਾ ਹੈ। ਉਸ ਨੂੰ ਕਈ ਵਾਰ ਕਸੂਤੇ ਸੁਆਲ ਪੁੱਛ ਕੇ ਅਜਿਹੀ ਜਾਣਕਾਰੀ ਵੀ ਕਢਾਉਣੀ ਆਉਂਦੀ ਹੈ ਜੋ ਗੁੱਝੀਆਂ ਪਰਤਾਂ ਵਿੱਚ ਲੁਕੀ ਹੁੰਦੀ ਹੈ। ਕਈ ਵਾਰ ਤਾਂ ਉਹ ਗੱਲਾਂ-ਗੱਲਾਂ ਵਿੱਚੋਂ ਹੀ ਸੁਆਲ ਲੱਭ ਲੈਂਦਾ ਹੈ।

ਹਥਲੀ ਪੁਸਤਕ ਵਿੱਚ ਪਹਿਲੀ ਮੁਲਾਕਾਤ ਵਿਸ਼ਵ-ਪ੍ਰਸਿੱਧ ਖੇਤੀ-ਵਿਗਿਆਨੀ ਡਾ. ਗੁਰਦੇਵ ਸਿੰਘ ਖ਼ੁਸ਼ ਨਾਲ਼ ਕੀਤੀ ਹੈ। ਡਾ. ਖ਼ੁਸ਼ ਦੀ ਮੁਸਕਰਾਉਂਦੀ ਤਸਵੀਰ ਵੇਖਦਿਆਂ ਹੀ ਲਗਦਾ ਹੈ ਕਿ ਉਹ ਖ਼ੁਸ਼ ਰਹਿਣ ਵਾਲ਼ਾ ਵਿਅੱਕਤੀ ਹੈ। ਇੱਕ ਸਾਧਾਰਨ ਕਿਸਾਨੀ ਪਰਿਵਾਰ ਵਿੱਚੋ ਉੱਠ ਕੇ ਵਿਗਿਆਨ ਦੀਆਂ ਡਾਕਟਰੇਟ ਵਰਗੀਆਂ ਉੱਚੀਆਂ ਡਿਗਰੀਆਂ ਹਾਸਲ ਕਰ ਕੇ, ਖੇਤੀ ਵਿਗਿਆਨ ਵਿੱਚ ਖੋਜਾਂ ਕਰ ਕੇ, ਧਾਨ ਦੀਆਂ ਨਵੀਆਂ ਕਿਸਮਾਂ ਈਜਾਦ ਕਰ ਕੇ ਪੈਦਾਵਾਰ ਵਧਾਉਣ ਹਿਤ ਕ੍ਰਾਂਤੀਕਾਰੀ ਕੰਮ ਕੀਤਾ। ਜੈਨੇਟਿਕਸ ਅਤੇ ਪਲਾਂਟ ਬਰੀਡਿੰਗ ਦੇ ਖੇਤਰ ਵਿੱਚ ਸਿਰੇ ਦੀ ਮੁਹਾਰਤ ਹਾਸਲ ਕੀਤੀ, ਇਨ੍ਹਾਂ ਵਿਸ਼ਿਆਂ 'ਤੇ ਕਿਤਾਬਾਂ ਤੋਂ ਇਲਾਵਾ ਅਨੇਕਾਂ ਖੋਜ-ਪੱਤਰ ਲਿਖੇ। ਦੁਨੀਆਂ ਦੀਆਂ ਅਨੇਕਾਂ ਵਿਗਿਆਨ ਨਾਲ਼ ਸੰਬੰਧਤ ਸੰਸਥਾਵਾਂ ਵੱਲੋਂ ਦੋ ਦਰਜਨ ਦੇ ਕਰੀਬ ਵੱਡੇ ਪੁਰਸਕਾਰ ਮਿਲੇ, ਕਈ ਯੂਨੀਵਰਸਿਟੀਆਂ ਅਤੇ ਅਕਾਦਮੀਆਂ ਦੇ ਫੈਲੋ ਰਹੇ ਅਤੇ ਤਕਰੀਬਨ 16 ਆਨਰੇਰੀ ਡਾਕਟਰੇਟ ਦੀਆਂ ਡਿਗਰੀਆਂ ਮਿਲੀਆਂ। ਕਈ ਖੋਜ-ਸੰਸਥਾਵਾਂ ਉਨ੍ਹਾਂ ਦੇ ਨਾਂ 'ਤੇ ਬਣੀਆਂ ਜਿੰਨ੍ਹਾਂ ਵਿੱਚ ਇੱਕ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ ਬਾਇਉਟੈਕਨਾਲੋਜੀ ਸੈਂਟਰ ਵੀ ਹੈ। ਇੱਕ ਸਫਲ ਵਿਗਿਆਨੀ, ਖੋਜੀ ਅਤੇ ਅਧਿਆਪਕ ਹੋਣ ਤੋਂ ਇਲਾਵਾ ਉਨ੍ਹਾਂ ਨੂੰ ਕਵਿਤਾਵਾਂ, ਕਹਾਣੀਆਂ ਲਿਖਣ ਦਾ ਸ਼ੌਕ ਵੀ ਰਿਹਾ ਹੈ ਤਾਂ ਹੀ ਆਪਣਾ ਗੋਤ ਕੂਨਰ ਲਿਖਣ ਦੀ ਬਜਾਏ ਤਖੱਲਸ 'ਖ਼ੁਸ਼' ਰੱਖ ਲਿਆ। ਪੰਜਾਬੀ, ਹਿੰਦੀ, ਉਰਦੂ, ਫਾਰਸੀ, ਅੰਗ੍ਰੇਜ਼ੀ ਅਤੇ ਫਰੈਂਚ ਭਾਸ਼ਾਵਾਂ ਦਾ ਗਿਆਨ ਹੈ। ਸਤਨਾਮ ਢਾਅ ਨੇ ਜਦੋਂ ਅਖੀਰ ਵਿੱਚ 'ਕੁੱਝ ਦੱਸਣ ਵਾਲ਼ਾ ਰਹਿ ਗਿਆ' ਪੁੱਛਿਆ ਤਾਂ ਡਾ. ਖ਼ੁਸ਼ ਦਾ ਜਵਾਬ ਸੀ ਕਿ ਹੁਣ ਦੱਸਣ ਨੂੰ ਕੁੱਝ ਨਹੀਂ ਰਿਹਾ। ਇਹੋ ਤਾਂ ਮੁਲਾਕਾਤੀ ਦੇ ਹੁਨਰ ਦੀ ਪ੍ਰੋੜ੍ਹਤਾ ਹੈ।




ਦੂਜੀ ਮੁਲਾਕਾਤ ਪ੍ਰਸਿੱਧ ਜੀਵ-ਵਿਗਿਆਨੀ ਡਾ. ਪੁਸ਼ਪਿੰਦਰ ਜੈਰੂਪ ਨਾਲ਼ ਹੈ। ਪੁਸ਼ਪਿੰਦਰ ਸਫਲ ਆਯੋਜਕ, ਹਰਮਨਪਿਆਰੀ ਅਧਿਆਪਕਾ, ਉੱਚ ਕੋਟੀ ਦੀ ਵਿਗਿਆਨੀ, ਸੁਘੜ ਸੁਪਤਨੀ, ਨੂੰਹ ਅਤੇ ਮਾਂ ਹੋਣ ਦੇ ਨਾਲ਼ ਪੰਜਾਬੀ ਤੇ ਅੰਗ੍ਰੇਜ਼ੀ ਵਿੱਚ ਜੀਵ-ਵਿਗਿਆਨ ਨਾਲ਼ ਸੰਬੰਧਤ ਅਨੇਕਾਂ ਖੋਜ-ਪੱਤਰਾਂ ਅਤੇ ਪੰਜ ਕਿਤਾਬਾਂ ਦੀ ਲੇਖਿਕਾ ਹੈ। ਸਤਨਾਮ ਨੇ ਸਵਾਲਾਂ ਦੇ ਜਵਾਬ ਵਿੱਚੋਂ ਪਤਾ ਲਾ ਲਿਆ ਕਿ ਉਹ ਜਾਣੀ-ਪਛਾਣੀ ਹਸਤੀ ਜੈਰੂਪ ਸਿੰਘ ਦੀ ਪਤਨੀ ਅਤੇ ਪੰਜਾਬੀ ਸਾਹਿਤ ਦੇ ਮਹਾਂਰਥੀ ਪ੍ਰੋਫੈਸਰ ਪ੍ਰੀਤਮ ਸਿੰਘ ਦੀ ਨੂੰਹ ਹੈ, ਅਤੇ ਜਸਵੰਤ ਸਿੰਘ ਕੰਵਲ ਉਸ ਦਾ ਫੁੱਫੜ। ਉਪਰਲੀ ਪੁਜ਼ੀਸ਼ਨ ਹਾਸਲ ਕਰਨ ਲਈ ਵਿਤਕਰੇ ਦਾ ਸ਼ਿਕਾਰ ਹੋਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਕਿਹਾ, ਜਦੋਂ ਕਿਸੇ ਦੇ ਖੇਤਰ ਵਿੱਚ ਕੋਈ ਵੜਦਾ ਹੈ ਤਾਂ ਚੀਕ-ਚਿਹਾੜਾ ਤਾਂ ਪੈਂਦਾ ਹੀ ਹੈ। ਜਦੋਂ ਕੁੜੀਆਂ ਵਿੱਚ ਜਾਗਰੂਕਤਾ ਆਈ ਅਤੇ ਉਨ੍ਹਾਂ ਨੇ ਆਦਮੀਆਂ ਦੀਆਂ ਰਾਖਵੀਆਂ ਜਗੀਰਾਂ ਤੇ ਹਮਲਾ ਕੀਤਾ ਤਾਂ ਉਨ੍ਹਾਂ ਮਰਦਾਂ ਨੂੰ ਤਕਲੀਫ਼ ਤਾਂ ਹੋਣੀ ਹੀ ਹੁੰਦੀ ਹੈ। ਮੈਨੂੰ ਆਪਣੀ ਥਾਂ ਬਨਾਉਣ ਲਈ ਆਦਮੀਆਂ ਤੋਂ ਤਿੰਨ-ਚਾਰ ਗੁਣਾ ਜ਼ਿਆਦਾ ਮਿਹਨਤ ਕਰਨੀ ਪਈ ਅਤੇ ਬਹੁਤ ਕੁੱਝ ਸਹਿਣਾ ਪਿਆ -- ਬਹੁਤ ਟੈਨਸ਼ਨ ਵੀ ਸਹਿਣੀ ਪਈ।ਆਪਣੀਆਂ ਪ੍ਰਾਪਤੀਆਂ ਉਪਰ ਤਸੱਲੀ ਜ਼ਾਹਿਰ ਕਰਦਿਆਂ ਕਿਹਾ,ਇਸੇ ਖ਼ੁਸ਼ੀ ਅਤੇ ਸਕੂਨ ਦਾ ਸਦਕਾ ਮੈ ਐਡੀ ਵੱਡੀ ਸਿਹਤ ਦੀ ਪ੍ਰਾਬਲਮ ਨੂੰ ਵੀ ਖਿੜੇ ਮੱਥੇ ਸਹਿ ਰਹੀ ਹਾਂ। ਲਗਦਾ ਹੈ ਇੱਥੇ ਉਸ ਦੀ ਇਸ ਪ੍ਰਾਬਲਮ ਬਾਰੇ ਸੁਆਲ ਪੁੱਛਿਆ ਜਾਣਾ ਚਾਹੀਦਾ ਸੀ।

ਅਗਲੀ ਮੁਲਾਕਾਤ ਪ੍ਰਸਿੱਧ ਹਾਕੀ ਖਿਲਾੜੀ ਗੋਲ਼ਾਂ ਦੇ ਬਾਦਸ਼ਾਹ ਬਲਬੀਰ ਸਿੰਘ ਸੀਨੀਅਰ ਨਾਲ਼ ਹੈ। ਪੁੱਛੇ ਗਏ ਸਵਾਲਾਂ ਦੇ ਜਵਾਬ ਵਿੱਚ ਬਲਬੀਰ ਸਿੰਘ ਨੇ ਆਪਣੇ ਬਚਪਨ, ਪੜ੍ਹਾਈ ਅਤੇ ਹਾਕੀ ਦੇ ਮੈਦਾਨ ਵਿੱਚ ਮਾਰੀਆਂ ਮੱਲਾਂ ਦਾ ਖੁੱਲ੍ਹ ਕੇ ਵੇਰਵਾ ਦਿੱਤਾ ਹੈ ਜੋ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਪ੍ਰੇਰਨਾਸ੍ਰੋਤ ਹੈ। ਉਹ ਦਸਦਾ ਹੈ ਕਿ ਹਾਕੀ ਦਾ ਜਾਦੂਗਰ ਧਿਆਨ ਚੰਦ ਉਸ ਦਾ ਰੋਲ ਮਾਡਲ ਸੀ ਜੋ ਅੰਗੇਰੇਜ਼ੀ ਰਾਜ ਵੇਲ਼ੇ ਤਿੰਨ ਉਲਿੰਪਿਕ 1928, 1932, 1936 ਵਿੱਚ ਟੀਮ ਦਾ ਕਪਤਾਨ ਸੀ। ਬਲਬੀਰ ਸਿੰਘ 1948, 1952 ਅਤੇ 1956 ਦੀਆਂ ਉਲੰਪਿਕ ਖੇਡਾਂ ਸਮੇਂ ਕਪਤਾਨ ਸੀ। ਧਿਆਨ ਚੰਦ ਵੇਲ਼ੇ ਯੂਨੀਅਨ ਜੈਕ ਲਹਿਰਾਇਆ ਜਾਂਦਾ ਸੀ ਜਦੋਂ ਕਿ ਬਲਬੀਰ ਸਿੰਘ ਵੇਲ਼ੇ ਤਿਰੰਗਾ ਫਹਿਰਾਇਆ ਜਾਂਦਾ ਸੀ। ਬਲਬੀਰ ਸਿੰਘ ਦਸਦਾ ਹੈ ਕਿ ਇੱਕ ਵਾਰੀ ਉਸ ਦੀ ਕੂਹਣੀ ਤੇ ਸੱਟ ਵੱਜਣ ਕਾਰਨ ਬਾਂਹ ਸੁੱਜ ਗਈ। ਉਸ ਨੇ ਘਰ ਦਿਆਂ ਤੋ ਲੁਕੋਣ ਲਈ ਬਾਂਹ ਕੱਪੜੇ ਹੇਠ ਦੇਈ ਰੱਖੀ ਤਾਂ ਜੋ ਕਿਤੇ ਖੇਡਣ ਤੋਂ ਮਨ੍ਹਾ ਨਾ ਕਰ ਦੇਣ। ਉਸ ਦੇ ਨਾਨਕੀਂ ਜਣੇਪਾ ਕੱਟਣ ਗਈ ਮਾਂ ਨੂੰ ਮਿਲਣ ਲਈ ਗਿਆ ਤਾਂ ਮਾਂ ਨੇ ਖੱਬੇ ਹੱਥ ਨਾਲ਼ ਰੋਟੀ ਖਾਂਦੇ ਨੂੰ ਵੇਖ ਲਿਆ ਅਤੇ ਸੱਟ ਦਾ ਪਤਾ ਲਾ ਲਿਆ। ਪਿੰਡ ਦੀ ਇੱਕ ਮਾਹਿਰ ਮਾਈ ਤੋਂ ਝਟਕੇ ਨਾਲ਼ ਬਾਂਹ ਨੂੰ ਥਾਂ-ਸਿਰ ਕਰਵਾਇਆ। ਜੇ ਬਾਂਹ ਸਮੇਂ ਸਿਰ ਠੀਕ ਨਾ ਹੁੰਦੀ ਤਾਂ ਉਹ ਕਦੇ ਹਾਕੀ ਨਾ ਖੇਡ ਸਕਦਾ। ਇੱਕ ਹੋਰ ਵਾਕਿਆ ਜ਼ਿਕਰਯੋਗ ਹੈ। ਬਲਬੀਰ ਸਿੰਘ 1945 ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਹਾਕੀ ਟੀਮ ਦਾ ਕਪਤਾਨ ਸੀ। ਪੰਜਾਬ ਪੁਲੀਸ ਦੇ ਆਈ. ਜੀ ਸਰ ਜੌਹਨ ਬੈਨਟ ਨੇ ਉਸ ਨੂੰ ਪੁਲੀਸ ਵਿੱਚ ਭਰਤੀ ਕਰਨਾ ਚਾਹਿਆ। ਪਿਤਾ ਦੇਸ਼ ਭਗਤ ਹੋਣ ਸਦਕਾ ਬਲਬੀਰ ਸਿੰਘ ਅੰਗ੍ਰੇਜ਼ ਪੁਲੀਸ ਦੀ ਨੌਕਰੀ ਤੋਂ ਇਨਕਾਰੀ ਸੀ। ਉਹ ਦਿੱਲੀ ਭੱਜ ਗਿਆ। ਉਸ ਨੂੰ ਹੱਥਕੜੀ ਲਾ ਕੇ ਲਾਹੌਰ ਲਿਆਂਦਾ ਅਤੇ ਏ. ਐਸ. ਆਈ. ਭਰਤੀ ਕਰ ਲਿਆ। ਖਿਡਾਰੀਆਂ ਵਿੱਚ ਵਹਿਮ ਹੋਣ ਬਾਰੇ ਸੁਆਲ ਦੇ ਜਵਾਬ ਵਿੱਚ ਕਿਹਾ ਕਿ ਅਜਿਹਾ ਹੁੰਦਾ ਹੈ। ਉਲੰਪੀਅਨ ਪ੍ਰਿਥੀਪਾਲ ਸਿੰਘ ਰੰਧਾਵਾ ਗੁਰੂ ਨਾਨਕ ਦੀ ਫੋਟੋ ਆਪਣੇ ਨਾਲ਼ ਰਖਦਾ ਸੀ। ਪਰ ਬਲਬੀਰ ਸਿੰਘ ਤੇਰਾਂ ਨੂੰ ਆਪਣਾ ਲੱਕੀ ਨੰਬਰ ਮੰਨਦਾ ਸੀ। ਉਸ ਦੀ ਵਰਦੀ ਦਾ ਨੰਬਰ ਤੇਰਾਂ ਸੀ। ਇੱਕ ਹੋਰ ਦਿਲਚਸਪ ਵਾਕਿਆ ਇਹ ਸੀ ਕਿ ਜਦੋਂ ਪਾਕਿਸਤਾਨ ਵਿੱਚ ਦੋਸਤਾਨਾ ਮੈਚ ਖੇਡਣ ਗਏ ਸੀ ਤਾਂ ਮਿੰਟਗੁਮਰੀ ਤੋਂ ਲਾਹੌਰ ਪਰਤਦਿਆਂ ਰਸਤੇ ਵਿੱਚ ਖਾਣੇ ਦਾ ਇੰਤਜ਼ਾਮ ਸੀ। ਉਦੋਂ ਹੀ ਡੂਮਣੇ ਮਖਿਆਲ਼ ਦੀਆਂ ਮੱਖੀਆਂ ਨੇ ਹਮਲਾ ਕਰ ਦਿੱਤਾ, ਡੂਮਣਿਆਂ ਨੇ ਸਾਰਿਆਂ ਦੀ ਸੋਹਣੀ ਆਉ-ਭਗਤ ਕਰਤੀ ਸੀ।

ਚੌਥੀ ਤੇ ਆਖਰੀ ਮੁਲਾਕਾਤ ਡਾ. ਗੁਰਦੇਵ ਸਿੰਘ ਘਣਗਸ ਨਾਲ਼ ਹੈ ਜਿਸ ਨੇ ਬਾਇਉਕੈਮਿਸਟਰੀ ਦੀ ਡਾਕਟ੍ਰੇਟ ਹਾਸਲ ਕੀਤੀ, ਜੈਨੇਟਿਕਸ, ਮਾਲੀਕਿਊਲਰ ਬਾਇਆਲੋਜੀ ਅਤੇ ਪਲਾਂਟ ਬ੍ਰੀਡਿੰਗ ਦੇ ਖੇਤਰਾਂ ਵਿੱਚ ਖੋਜ ਅਤੇ ਅਧਿਆਪਨ ਕਾਰਜ ਕੀਤਾ। ਰਿਟਾਇਰ ਹੋਣ ਸਮੇਂ ਕੈਂਸਰ ਦੀ ਮਨਹੂਸ ਬੀਮਾਰੀ ਦਾ ਟਾਕਰਾ ਕੀਤਾ। ਇਸ ਸਮੇਂ ਸਾਹਿਤ ਪੜ੍ਹਨ ਵੱਲ ਰੁਚੀ ਹੋਈ। ਚੰਗੀਆਂ ਕਿਤਾਬਾਂ ਪੜ੍ਹੀਆਂ। ਪੰਜ ਕਾਵਿ-ਸੰਗ੍ਰਹਿ ਪੰਜਾਬੀ ਦੀ ਝੋਲ਼ੀ ਪਾਏ। ਇੱਕ ਸ੍ਵੈਜੀਵਨੀ ਲਿਖੀ। ਸਾਧਾਰਨ ਪੇਂਡੂ ਪਰਿਵਾਰ (ਖੰਗੂੜਾ) ਵਿੱਚੋਂ ਉੱਠ ਕੇ ਆਪਣੀ ਲਿਆਕਤ, ਮਿਹਨਤ ਅਤੇ ਸਿਰੜ ਦੇ ਸਹਾਰੇ ਉੱਚੀ ਵਿੱਦਿਆ ਹਾਸਲ ਕੀਤੀ। ਕਈ ਵਿਗਿਆਨ ਨਾਲ਼ ਸੰਬੰਧਤ ਸੰਸਥਾਵਾਂ ਵਿੱਚ ਖੋਜ ਅਤੇ ਅਧਿਆਪਨ ਦੇ ਖੇਤਰਾਂ ਵਿੱਚ ਚੰਗਾ ਨਾਮਣਾ ਖੱਟਿਆ। ਉਹ ਸੰਗੀਤ ਅਤੇ ਕਲਾ ਦਾ ਵੀ ਪ੍ਰੇਮੀ ਹੈ।

ਇਹ ਚਾਰੇ ਮੁਲਾਕਾਤਾਂ ਆਪਣੇ ਆਪ ਵਿੱਚ ਮਹਾਨ ਪ੍ਰਾਪਤੀਆਂ ਦੀ ਦਾਸਤਾਨ ਬਿਆਨ ਕਰਦੀਆਂ ਹਨ ਜਿੰਨ੍ਹਾਂ ਤੋਂ ਪਾਠਕਾਂ, ਵਿਦਿਆਰਥੀਆਂ, ਖੋਜਾਰਥੀਆਂ ਅਤੇ ਖਿਡਾਰੀਆਂ ਨੂੰ ਜ਼ਿੰਦਗੀ ਵਿੱਚ ਉੱਚੇ ਟੀਚੇ ਮਿਥ ਕੇ ਕੁੱਝ ਮਹਾਨ ਕਰਨ ਦੀ ਪ੍ਰੇਰਨਾ ਮਿਲਦੀ ਹੈ। ਬ੍ਰਿਤਾਂਤ ਦੀ ਭਾਸ਼ਾ ਸਰਲ, ਸਾਦੀ ਅਤੇ ਟਕਸਾਲੀ ਹੈ। ਵਿਗਿਆਨ ਵਰਗੇ ਗੰਭੀਰ ਅਤੇ ਮੁਸ਼ਕਲ ਵਿਸ਼ਿਆਂ ਨੂੰ, ਜਿੱਥੋਂ ਤਕ ਹੋ ਸਕਿਆ, ਸੌਖੀ ਤੇ ਸ਼ੁੱਧ ਪੰਜਾਬੀ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਸਲਾਹੁਣਯੋਗ ਹੈ। ਸਤਨਾਮ ਢਾਅ ਦੁਆਰਾ ਸ਼ਬਦ-ਕੋਸ਼ ਅਤੇ ਅਨੁਵਾਦ ਕਰਨ ਦੀ ਸਮਰੱਥਾ ਹਾਸਲ ਕਰਨ ਲਈ ਕੀਤੀ ਮਿਹਨਤ ਸਾਫ਼ ਝਲਕਦੀ ਹੈ। ਜਿੱਥੇ ਕਿਤੇ ਅੰਗ੍ਰੇਜ਼ੀ ਦੇ ਸ਼ਬਦ ਵਰਤੇ ਗਏ ਹਨ, ਉਹ ਅਜਿਹੀਆਂ ਮੁਲਾਕਾਤਾਂ ਵਿੱਚ ਸੰਭਾਵਿਤ ਤੌਰ ਤੇ ਆ ਹੀ ਜਾਂਦੇ ਹਨ ਤੇ ਵਾਰਤਕ ਦਾ ਅੰਗ ਬਣ ਜਾਂਦੇ ਹਨ। ਮੁਲਾਕਾਤੀ ਸਤਨਾਮ ਦੀ ਸਫਲਤਾ ਦਾ ਇੱਥੋਂ ਵੀ ਪਤਾ ਲਗਦਾ ਹੈ ਜਦੋਂ ਮੁਲਾਕਾਤ ਦੇ ਅਖੀਰ ਵਿੱਚ ਇਸ ਤਰ੍ਹਾਂ ਦਾ ਜਵਾਬ ਮਿਲਦਾ ਹੈ - ਸਤਨਾਮ ਜੀ, ਤੁਸੀਂ ਏਨੇ ਸਵਾਲ ਕੀਤੇ ਹਨ ਕਿ ਹੋਰ ਕੁੱਝ ਬਚਿਆ ਹੀ ਨਹੀਂ। ਗੁਰਬਚਨ ਸਿੰਘ ਭੁੱਲਰ ਨੇ ਸਤਨਾਮ ਢਾਅ ਦੀਆਂ ਮੁਲਾਕਾਤਾਂ ਦੀ ਅਹਿਮੀਅਤ ਬਾਰੇ ਵਿਸ਼ੇਸ਼ ਤੌਰ 'ਤੇ ਲੇਖ ਲਿਖਿਆ ਸੀ। ਰਘਬੀਰ ਸਿਰਜਣਾ ਨੇ ਵੀ ਤਾਰੀਫ਼ ਕੀਤੀ ਸੀ।

ਅਖੀਰ ਵਿੱਚ ਕਹਿਣਾ ਬਣਦਾ ਹੈ ਕਿ ਜਿੱਥੇ ਸਤਨਾਮ ਢਾਅ ਇਸ ਪੁਸਤਕ ਲਈ ਵਧਾਈ ਦਾ ਹੱਕਦਾਰ ਹੈ, ਉੱਥੇ ਉਮੀਦ ਕੀਤੀ ਜਾਂਦੀ ਹੈ ਕਿ ਉਹ ਮੁਲਾਕਾਤਾਂ ਦਾ ਸਿਲਸਿਲਾ ਜਾਰੀ ਰੱਖੇਗਾ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

# ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW COVERINGS

ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।

**ਕਾਲ: 403 953 1000**

E Mail: Contact@twcoverings.com
Web: www.twcoverings.com
Timelesswindowcoverings